ੴ

ਮਾਸਕ ਪੱਤਰ

# ਸੂਰਾ
ਅੰਮ੍ਰਿਤਸਰ

## ਸਿੱਖੀ ਖਾਤਰ ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂੰਬਾ ਹੋ ਗਏ

ਅਗਸਤ ੧੯੮੦

AUG 1980



ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜਹੇ ਅਨੇਕਾਂ ਗੁਰੂ ਕੇ ਲਾਲ ਇਨ੍ਹਾਂ ਖੂਨੀ ਚਰਖੜੀਆਂ ਦੀ ਭੇਟ ਹੋਏ, ਪਰ ਸਿਖੀ ਸਿਦਕ ਤੋਂ ਰਤਾ ਨਹੀਂ ਡੋਲੇ ।

www.AKJ.Org

[illegible] ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਜੋਤਿ ਵਿਗਾਸ (ਮਹਾਨ ਕਾਵਿ ਵਿਚੋਂ ਵੰਨਗੀ ਮਾਤਰ) | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਮਨਮੁਖਿ ਮੋਹਿ ਭਰਮਿ ਭੋਲਾਣੀ | ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ੭ |
| ਸੁਖਮਨੀ—ਸਦੀਵੀ ਸੁਖ ਦਾ ਮਾਰਗ | ਭਾਈ ਬਲਵੰਤ ਸਿੰਘ ਜੀ ਖਾਲਸਾ | ੯ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੨੪) | ਕੈਪਟਨ ਸਵਰਨ ਸਿੰਘ ਜੀ | ੧੧ |
| ਨਾਨਕ ਹਰਿ ਕੀਰਤਨੁ ਕਰਿ, ਅੱਟਲ ਏਹੁ ਧਰਮ | ਸ: ਬਲਵਿੰਦਰਪਾਲ ਸਿੰਘ ਜੀ | ੧੯ |
| ਜਿਨੀ ਗੁਰਮੁਖਿ ਨਾਮੁ ਧਿਆਇਆ | — — — | ੨੧ |
| ਦਰਸ਼ਨਾਂ ਦੀ ਸਿੱਕ (ਕਵਿਤਾ) | ਸ: ਸਰੂਪ ਸਿੰਘ ਜੀ ਦਰਵੇਸ਼ | ੨੫ |
| ਅਰਦਾਸ ਕੀ ਹੈ ? | ਡਾ: ਜਸਵੰਤ ਸਿੰਘ ਜੀ ਨੇਕੀ | ੨੬ |
| ਬਾਊ ਮਲ ਸਿੰਘ ਜੀ ਦੀ ਅੰਗ-ਪਾਲ ਬਿਰਤੀ | ਗਿਆਨੀ ਦਾਤਾਰ ਸਿੰਘ ਜੀ | ੨੯ |
| ਗੁਰੂ—ਸਿਧਾਂਤਕ ਪੱਖ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੧ |
| ਪਾਹੁਲ ਖੰਡੇ ਧਾਰ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੩੮ |
| ਸਿਖ ਕੌਮ ਦੀ ਨਿਘਰਦੀ ਦਸ਼ਾ ਤੇ ਵਿਚਾਰ | ਗਿਆਨੀ ਗੋਪਾਲ ਸਿੰਘ ਜੀ ਮਿਤਰ | ੩੯ |
| ਬਾਣੀ ਦੀ ਰਾਹੀਂ ਸ੍ਵੈ-ਪ੍ਰੇਰਨਾ | ਪ੍ਰੋ: ਸਾਹਿਬ ਸਿੰਘ ਜੀ | ੪੦ |
| ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕਾਰਕੁਨ ਗਲਤ ਰਾਹਾਂ ਤੇ | ਸੰਪਾਦਕ | ੪੧ |
| ਬੀਬੀ ਹਰਸ਼ਰਨ ਕੌਰ ਜੀ ਦਾ ਤਿਆਗ ਪੱਤਰ | | ੪੧ |
| ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੀ ਪਤਰਕਾ | | ੪੨ |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਵਤਾਰ ਧਾਰਿਆ — ੪ ਅਗਸਤ

## ਬੜੋਦੇ ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਏਅਰ ਫ਼ੋਰਸ ਮਕਰਪੁਰਾ ਬੜੋਦਾ ਵਿਖੇ ਸ੍ਰੀਮਾਨ ਬਾਊ ਮਲ ਸਿੰਘ ਜੀ ਦੀ ਸਾਲਾਨਾ ਯਾਦ ਵਿਚ ੯ ਅਗਸਤ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪਰਵਾਰਾਂ ਸਮੇਤ ਦਰਸ਼ਨ ਬਖ਼ਸ਼ੋ ਜੀ। ਬੜੋਦਾ ਰੇਲਵੇ ਸਟੇਸ਼ਨ ਤੋਂ ਸਾਢੇ ਅਠ ਵਜੇ ਸ਼ਾਮ ਨੂੰ ਏਅਰ ਫ਼ੋਰਸ਼ ਦੀ ਬਸ ਗੁਰਦਵਾਰਾ ਸਾਹਿਬ ਲਈ ਚਲੇਗੀ। ਪ੍ਰਾਰਥਕ—ਸੰਗਤ ਅਹਿਮਦਾਬਾਦ ਤੇ ਬੜੋਦਾ

## ਪਿੰਡ ਪੂੰਨੀਆਂ (ਨੇੜੇ ਬੰਗਾ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਰਜਿੰਦਰ ਸਿੰਘ ਜਥੇਦਾਰ ਯੂ. ਕੇ ਅਖੰਡ ਕੀਰਤਨੀ ਜਥਾ ਦੇ ਗ੍ਰਿਹ ਪਿੰਡ ਪੂੰਨੀਆਂ ਵਿਖੇ ਐਤਵਾਰ ੧੦ ਅਗਸਤ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ। ਬੰਗਾ ਰੇਲਵੇ ਸਟੇਸ਼ਨ ਤੋਂ ਦੁਸਾਂਝ ਕਲਾਂ ਦੇ ਰਾਹ ਵਿਚ ਇਨ੍ਹਾਂ ਦਾ ਘਰ ਹੈ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜਥਾ ਇਲਾਕਾ ਬੰਗਾ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੮.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

| | |
|---|---|
| ਸਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |
| **ਪਰਦੇਸ** | |
| ਸਮੁੰਦਰੀ ਡਾਕ | ੧੮-੫੦ |
| **ਹਵਾਈ ਡਾਕ** | |
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ | ਅਗਸਤ ੧੯੮੦ | ਅੰਕ ੮


# ਜੋਤਿ ਵਿਗਾਸ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਨਾਗਪੁਰ ਜੇਲ੍ਹ ਦੀ ਕਾਲ-ਕੋਠੜੀ ਵਿਚ ਲਗਾਤਾਰ ਸਤਾਂ ਦਿਨਾਂ ਤੇ ਸਤਾਂ ਰਾਤਾਂ ਵਿਚ ਪੁਸਤਕ 'ਜੋਤਿ ਵਿਗਾਸ' ਦੀ ਕਵਿਤਾ ਸਫੂਰਨ ਹੋਈ। ਇਸ ਛਪੀ ਪੁਸਤਕ ਵਿਚੋਂ ਕਾਵਿ ਦੀ ਵੰਨਗੀ ਮਾਤਰ ਕੁਝ ਕੁ ਬੰਦ ਦਿਤੇ ਜਾ ਰਹੇ ਹਨ। ਪਾਠਕ ਪੜ੍ਹ ਕੇ ਰਸ ਮਾਣਨ। ਇਨ੍ਹਾਂ ਦੇ ਨਾਲ ਜੋ ਹਾਸ਼ੀਏ ਦਿਤੇ ਹੋਏ ਹਨ, ਉਹ ਪੁਸਤਕ ਛਪਣ ਲਗਿਆਂ ਚੜ੍ਹਾਏ ਗਏ ਸਨ। —ਸੰਪਾਦਕ

ਪ੍ਰੇਮ ਬੇਨੰਤੀ ਉਤੇ ਤਾਬੜ-ਤੋੜ ਤੁਠ ਕੇ ਦਰਸ਼ਨ ਝਲਕ ਦੀ ਨਦਰ ਮਿਹਰ,
ਘਟ ਦਰਸ਼ਨੀ ਜੋਤਿ ਜਲਵੇ, ਅੰਤਰ ਆਤਮੇ ਦਰਸ਼ਨ ਜਲਵੇ ਦੇ ਨਦਰ ਮਿਹਰੀ ਕ੍ਰਿਸ਼ਮ,
ਖ਼ਾਸ ਦਰਸ ਹੁਲਾਸ ਦੇ ਖਿੜਾਉ ਉਮਾਹੇ।
ਆਤਮਕ ਅਹਿਲਾਦ ਦੇ ਰਸਕ ਹੁਲਾਰੇ;
ਦਰਸ ਰੀਸਾਲੂ ਸੇਤੀ ਆਨੰਦ ਹੁਲਾਸੀ ਧੰਨਤਾ ਦੇ ਸਨਮੁਖ ਮਗਨ ਬਿਲਾਸ :—

ਕਾਫੀ—ਤੁਧ ਆਵਤ ਸਭੁ ਤਨੁ ਮਨੁ ਹਰਿਆ, ਧੰਨ ਦਰਸ਼ਨ ਸੁੰਦਰੇਜੇ ਨੂੰ।੧੫।
ਦਰਸ਼ਨ ਝਲਕ ਦਿਖਾ ਕੇ ਸਾਈਆਂ, ਠਾਰ ਦਿੱਤਾ ਨੈਨੇਜੇ ਨੂੰ।੧੬।
ਨੈਣੀਂ ਨੂਰ ਵਸਾ ਕੇ ਸਜਣਾ, ਉਜਲਾਇਆ ਅੰਦਰੇਜੇ ਨੂੰ।੧੭।

ਅੰਦਰਿ ਜੋਤਿ ਜਗਾ ਕੇ ਜਾਨੀ ! ਰੁਸ਼ਨਾਇਆ ਮੰਦਰੇਜੇ ਨੂੰ ।੧੮।
ਮੰਦਰਿ ਚਰਨ ਛੁਹਾ ਕੇ ਪਿਰੀਏ ! ਮਹਿਕਾਇਆ ਭਵਨੇਜੇ ਨੂੰ ।੧੯।
ਭਵਨੀ ਧੂਪ ਧੁਖਾ ਕੇ ਰਮੀਏ, ਰੁਮਕਾਇਆ ਗਗਨੇਜੇ ਨੂੰ ।੨੦।
ਗਗਨ ਮੰਡਲ ਵਿਚਿ ਧਣੁਖ ਚੜ੍ਹਾ ਕੇ, ਗਮਕਾਇਆ ਮੰਦਲੇਜੇ ਨੂੰ ।੨੧।
ਮੰਦਲ ਵਜਵਾ ਕੇ ਗਾਵਾਇਆ, ਧੁਨ ਅਨਹਦ ਤੂਰੇਜੇ ਨੂੰ ।੨੨।
ਅਨਹਦ ਤੂਰ ਧੁਨੀ ਮਨ ਮੋਹਿਆ, ਸੁਣਿ ਕੀਰਤਨ ਅਚਰੇਜੇ ਨੂੰ ।੨੩।
ਅਚਰਜ ਸਾਦੁ ਅਨਾਹਦ ਨਾਦੀ, ਖੋਲ੍ਹ ਦਸਮ ਦੁਆਰੇਜੇ ਨੂੰ ।੨੪।
ਦਸਮ ਦੁਆਰਾ, ਅਗਮ ਅਪਾਰਾ, ਪਰਸ ਪਰਮ ਪੁਰਖੇਜੇ ਨੂੰ ।੨੫।
ਪੁਰਖੋਤਮ, ਪ੍ਰੀਤਮ ਛਬ ਦਰਸ਼ਨ, ਕਠਣ ਕਥਨ ਅਕੱਥੇਜੇ ਨੂੰ ।੨੬।
ਚਰਨ ਕਮਲ, ਦਲ ਜੋਤਿ ਕਿਰਨ, ਸ਼ਰਮਾਵੇ, ਕੋਟ ਸੂਰੇਜੇ ਨੂੰ ।੨੭।
ਆਕਲ ਬਿਕਲ ਭਈ, ਮਖ਼ਮੂਰਾਂ, ਪਿਖ ਮੁਖ ਨੂਰ ਦੁਲੇਜੇ ਨੂੰ ।੨੮।
ਕਮਲ-ਮੁਖੜਾ ਮੁਸਕ੍ਰਾ ਕੇ ਨੂਰੀ, ਮੁਰਛਾਇਆ ਭਵਰੇਜੇ ਨੂੰ ।੨੯।
ਭਵਰ ਮੂਰਛਤ ਸੰਪਟ ਕਰਿ, ਲਪਟਾਇਆ ਲਿਵ ਮਸਤੇਜੇ ਨੂੰ ।੩੦।
ਸੰਪਟ ਲਿਵ ਲਪਟਾ ਕੇ, ਇਵ ਬੰਧਵਾਇਆ ਪ੍ਰੇਮ ਬੰਧੇਜੇ ਨੂੰ ।੩੧।
ਪ੍ਰੇਮ ਬੰਧਨ ਵਿਚ ਧੁਨੀ ਉਠਾਈ, ਧਨ ਲਿਵ ਧੁਨ ਘੁੰਬਰੇਜੇ ਨੂੰ ।੩੨।
ਮਹਿਕ ਮਸਤ ਹੋਇ ਘੂੰਮਰ ਪਾਈ, ਗੂੰਜਾਇਆ ਗੁੰਬਜ਼ੇਜੇ ਨੂੰ ।੩੩।
ਗੂੰਜ ਗੁੰਬਜ਼ੀ ਭਵਰਿ ਗੁੰਜਾਈ, ਧਨ ਮੰਦਰ ਮੁਸ਼ਕੇਜੇ ਨੂੰ ।੩੪।
ਮੰਦਰਿ ਮੁਸ਼ਕ ਮਚਾ ਕੇ, ਮੋਹਨਾ ! ਮਗਨਾਇਆ ਮਗਨੇਜੇ ਨੂੰ ।੩੫।
ਮਗਨ ਮਸਤ ਹੋ ਕੇ ਗੁਣ ਗਾਵਾਂ, ਰਾਵਾਂ ਰਸਕ ਰਸੇਜੇ ਨੂੰ ।੩੬।
ਰਸੀਆ ਲਾਲ ਰੀਸਾਲੂ ਰਾਵਲ, ਰਾਵੇ ਰਸਿ ਰਸਿ ਸੇਜੇ ਨੂੰ ।੩੭।
ਰਾਵਿ ਰਾਵਿ, ਰਸ ਭੋਗ ਰਚਾਵੇ, ਧਨ ਆਤਮ ਭੋਗੇਜੇ ਨੂੰ ।੩੮।
ਆਤਮ ਭੋਗ ਆਨੰਦ ਖਿੜਾਵੇ, ਬਿਸਮਾਵੇ ਬਿਸਮੇਜੇ ਨੂੰ ।੩੯।
ਹੁਇ ਬਿਸਮਾਦ ਸਮਾਧਿ ਸਮਾਵਾਂ, ਪਾਵਾਂ ਸੁਖ ਅਮਿੱਤੇਜੇ ਨੂੰ ।੪੦।
ਅਮਿੱਤ ਆਨੰਦ ਅਗਾਧ ਭੋਗ ਰਸ, ਭਜ ਰਸੀਏ ਕੰਤੇਜੇ ਨੂੰ ।੪੧।
ਕੰਤ ਭਤਾਰ ਗੁਰੂ ਕਰਤਾਰਾ, ਤਾਰ, ਦੀਦਾਰ ਸਮੇਜੇ ਨੂੰ ।੪੨।
ਰਖ ਦੀਦਾਰ ਸਮਾਇ, ਸਾਹਿਬਾ ! ਨਾਮ ਅਮੀ ਤ੍ਰਿਪਤੇਜੇ ਨੂੰ ।੪੩।
ਧੰਨ ਧੰਨ, ਨਾਮ ਮਹਾਂ ਰਸ, ਵਾਹੁ ਵਾਹੁ, 'ਵਾਹਿਗੁਰੂ' ਰੰਗ ਰੰਗੇਜੇ ਨੂੰ ।੪੪।

ਆਤਮ ਅਨੰਦੀ ਅਮਿਓ ਸਰੋਵਰ ਚੀਆਂ ਪ੍ਰਬਲ ਪ੍ਰੇਮ ਤਰੰਗਾਂ
ਅਤੇ ਪ੍ਰੇਮ ਠਾਠਾਂ ਦੇ ਵੇਗ ਵਿਗਸਾਉ ਤੋਂ ਉਪੰਨੀਆਂ ਆ-ਮੁਹਾਰੀਆਂ ਅਮਰੀ ਕਾਂਗਾਂ
ਤੇ ਅਨਭਵੀ ਕਵਿਤਾ ਦੇ ਲਗਾਤਾਰੀ ਵਿਗਾਸ ਵਿਚ ਕਪਾਟ ਖੁਲ੍ਹਣੇ :—

ਕਰੇ ਅਨੰਦ ਅਨੰਦੀ ਮੇਰਾ ਰਸਿ ਰਸਿ ਭੋਗ ਰਚਾਇਆ ਹੈ ।੪੫।
ਗਿਆਨ ਰਾਉ ਸਹੁ ਸੇਜੇ ਆਇਆ, ਭੋਗ ਅਨੰਦ ਖਿੜਾਇਆ ਹੈ ।੪੬।
ਖਿੜਿਆ ਕੌਲ ਨਾਭਿ ਰਸ ਭਰਿਆ, ਅਮੀਂ ਹੌਜ਼ ਉਮਕਾਇਆ ਹੈ ।੪੭।
ਉਮਕਿ ਉਮਕਿ ਰਸੁ ਛਲਕਾਂ ਮਾਰੇ, ਕੜ੍ਹ ਪਾਟਣ ਤੇ ਆਇਆ ਹੈ ।੪੮।


www.AKJ.Org

ਅੰਤਰਿ ਅੰਮ੍ਰਿਤ ਵੇਈਂ ਉਗਵੀਂ, ਹਰਿ ਹਰਹਟ ਗੇੜਾਇਆ ਹੈ ।੪੯।
ਹਰਿ ਹਰਿ ਗੁਰੁ ਗੁਰੁ ਕਰਿ ਕਰਿ ਵਿਗਸਾਂ, ਵਾਹੁ ਵਾਹੁ ਬਿਸਮ ਬਣਾਇਆ ਹੈ ।੫੦।
ਬਿਸਮਾਂ ਬਿਸਮਿ ਬਿਸਮਿ ਤ੍ਰਿਪਤਿਸਵਾਂ, ਜਰਿ ਜਰਿ, ਅਜਰ ਜਰਾਇਆ ਹੈ ।੫੧।
ਕਵਨ ਕਵਨ ਗੁਣ ਕਹਿ ਕਹਿ ਗਾਵਾਂ, ਸਰ ਤ੍ਰੰਗ ਉਮਡਾਇਆ ਹੈ ।੫੨।
ਆਪਹੁੰ ਹੁਦਰਾ ਤ੍ਰੰਗ ਉਠੇ ਬਹੁ, ਬਹੁ, ਗੁਣ ਗੀਤ ਗਾਵਾਇਆ ਹੈ ।੫੩।
ਆਪੋਂ ਹੁਦਰਾ ਅਨਭਵ ਖੁਲ੍ਹਾ, ਕਾਵਿ ਕਪਾਟ ਖੁਲ੍ਹਾਇਆ ਹੈ ।੫੪।
ਗੁਣ ਗੁੰਫਣ ਦਾ ਬੋੜ ਪਾਟਿਆ, ਮੇਰੇ ਵਸ ਨ ਰਹਾਇਆ ਹੈ ।੫੫।
ਰਹਿ ਰਹਿ ਰਵਾਂ ਰਹੱਸ ਗੁਣ ਕਹਿ ਕਹਿ, ਅੰਦਰਿ ਲਾਲ ਲਵਾਇਆ ਹੈ ।੫੬।
ਲਵਿ ਲਵਿ ਲਾਲ ਰਤਨ ਮਣਿ ਹੀਰਾ, ਚਵਿ ਚਵਿ ਚਵਣੁ ਚਵਾਇਆ ਹੈ ।੫੭।
ਜਿਵ ਜਿਵ ਚਵਾਂ ਲਵਾਂ ਰਸ ਤਿਵ ਤਿਵ,ਖਿਵਿ ਖਿਵਿ ਖਿਵਣਿ ਖਿਵਾਇਆ ਹੈ ।੫੮।
ਖਿਵਣ ਖਿਵਾਇ ਹੋਈ ਮੈਂ ਖੀਵੀ, ਨਿਵਿ ਨਿਵਿ ਆਪੁ ਨਿਵਾਇਆ ਹੈ ।੫੯।
ਜਿਵ ਜਿਵ ਨਿਵਾਂ, ਖਿਵਾਂ ਮੈਂ ਤਿਵ ਤਿਵ,ਨਿਭਿ ਨਿਭਿ ਨਿਭਣ ਨਿਭਾਇਆ ਹੈ ।੬੦।
ਨਿਭੀ ਰਹਾਂ ਇਵ ਹੀ ਸੰਗਿ ਤੇਰੇ, ਸਰਧਨ ਇਹ ਸਰਧਾਇਆ ਹੈ ।੬੧।
ਹੇ ਸਤਿਗੁਰ ! ਮੇਰੀ ਸਰਧਾ ਪੂਰਹੁ, ਜੇ ਤੁਠਣ ਤੁਠਾਇਆ ਹੈ ।੬੨।
ਤੁਠੇ ਸਤਿਗੁਰ ਕਿਰਪਾ ਕੀਨੀ, ਬਾਂਛਤ ਦਾਨੁ ਦਿਵਾਇਆ ਹੈ ।੬੩।
ਦਾਤੇ ਕੀਨੀ ਦਾਨੀ ਬੀਨੀ, ਮੂੰ ਪਿਰੁ ਅੰਕਿ ਸਮਾਇਆ ਹੈ ।੬੪।
ਅੰਕੁ ਸਮਾਇ ਲਾਇ ਲੜੁ ਅਪਣੇ, ਖਿਨੁ ਖਿਨੁ ਸੰਗ ਰਖਾਇਆ ਹੈ ।੬੫।
ਬਾਂਹ ਪਕੜਿ ਠਾਕੁਰਿ ਹਉ ਘਿੱਧੀ, ਸਗਲਾ ਡੰਝ ਮਿਟਾਇਆ ਹੈ ।੬੬।
ਕਿਆ ਜਾਨਾਂ ਕਿਵ ਕੰਤੇ ਭਾਨੀ, ਅਚਰਜ ਕਹਿਣ ਨ ਜਾਇਆ ਹੈ ।੬੭।
ਨਾ ਮੈਂ ਗੁਣ, ਨਾ ਸੋਭਾਵੰਤੀ, ਨਾ ਸੁੰਦਰ ਰੂਪਾਇਆ ਹੈ ।੬੮।
ਬੰਕੇ ਨੈਣ ਨ ਮੀਠੇ ਬੈਨਾ, ਕਵਨ ਗੁਣੀ ਰੀਝਾਇਆ ਹੈ ।੬੯।

ਅੰਤ੍ਰੀਵੀ ਮਿਲਾਪ, ਆਤਮ ਭੋਗ ਦੇ ਅਕਹਿ ਅਨੰਦ ਕੇਲ,
ਨਿਹਚਲ ਵਰ ਪ੍ਰਾਪਤੀ ਵਾਲਾ ਅਮਰ ਅਟਲ ਸੁਹਾਗ ਭਾਗ—

ਗੁਣ ਕਾਮਣ ਕਰਿ ਕੰਤੁ ਰੀਝਾਇਆ, ਮਿੰਨਤ ਕਰਿ ਮਨਵਾਇਆ ਹੈ ।੭੦।
ਭਗਤ ਠਗਉਰੀ ਕਰਿ ਪਿਰੁ ਮੋਹਿਆ, ਬਿਨੇ ਮਤਾਂਤੁ ਪਕਾਇਆ ਹੈ ।੭੧।
ਆ ਮਿਲਿਆ ਸੁਰਜਨੁ ਸੁਖਦਾਤਾ, ਵਡਭਾਗੀਂ ਵਸਿ ਆਇਆ ਹੈ ।੭੨।
ਵਸਿ ਆਇਆ ਪਿਰੁ ਛੋਡਿ ਨ ਜਾਈ, ਰਸੁ ਪਿਰੀਏ ਨੂੰ ਆਇਆ ਹੈ ।੭੩।
ਰਸਿ ਰਸਿ ਭੋਗ ਕਰੇ ਰੀਸਾਲੂ, ਆਤਮ ਭੋਗੁ ਰਸਾਇਆ ਹੈ ।੭੪।
ਹੁਇ ਰਸਿ ਲੀਣਿ, ਰਹਾਂ ਰਸ ਖੀਵੀ, ਆਸਣ ਅਚੱਲ ਜਮਾਇਆ ਹੈ ।੭੫।
ਹਿੱਲਾਂ, ਕਿਵੇਂ ਹਿੱਲ ਨ ਹੋਵੇ, ਸੁਆਦੁ ਅਗਾਧ ਚਖਾਇਆ ਹੈ ।੭੬।
ਗਟਕ ਚਾਖਿ ਮੈਂ ਗੂੰਦੀ ਹੋਈ, ਕਟਕ ਖੁਮਾਰ ਚੜ੍ਹਾਇਆ ਹੈ ।੭੭।
ਬਾਂਹ ਪਕੜਿ ਪਿਰਿ ਸੇਜੇ ਆਣੀ, ਅਪਣੇ ਸੰਗਿ ਲਿਟਾਇਆ ਹੈ ।੭੮।
ਸਗਲੀ ਰੈਣਿ ਸੈਣਿ ਨਹਿੰ ਦਿੱਤਾ, ਛਿਨੁ ਛਿਨੁ ਕੇਲ ਕੇਲਾਇਆ ਹੈ ।੭੯।
ਅਨਦ ਅਖੰਡ ਅਦੁਤਿ ਰਤ ਜਾਗਾ, ਰਮਣੀ ਤੋਂ ਜਗਾਵਾਇਆ ਹੈ ।੮੦।
ਜਗ ਮਗ ਦਮਕੇ ਮੁਖੁ ਰਮਣੀ ਦਾ, ਨੂਰੋ ਨੂਰ ਕਰਾਇਆ ਹੈ ।੮੧।


www.AKJ.Org

ਅਮੀ ਰਸਾਇਣ, ਜੋਤਿ ਮੁਸ਼ਕਣਾ, ਅੰਦਰਿ ਮੁਸ਼ਕ ਮਚਾਇਆ ਹੈ ।੮੨।
ਬਣਿਆ ਅਮਰ ਸੁਹਾਗ ਨੱਢੀ ਦਾ, ਵਰੁ ਨਿਹਚਲ ਵੀਵਾਹਿਆਂ ਹੈ ।੮੩।

ਨਿਰੰਕਾਰੀ ਵਰ ਸੰਜੋਗ ਦੇ ਭਾਗ ਉਦੇ ਹੋਣ ਪ੍ਰਥਾਇ
ਬਿਸਮ ਬਿਨੋਦੀ ਸੋਹਿਲੜੇ :—

ਆਵ੍ਹੁ ਭੈਣੇ ਰਲਿ ਮਿਲਿ ਗਾਵਹੁ, ਸੋਹਿਲਾ ਮੰਗਲ - ਚਾਰੜੀਆ ।੮੪।
ਮੰਗਲ-ਮਯ ਵਧਾਈਆਂ ਦੇਵਹੁ, ਵਰੁ ਮਿਲਿਆ ਨਿਰੰਕਾਰੜੀਆ ।੮੫।
ਦਿਹੋ ਅਸੀਸਾਂ ਸਖੀਓ ਸਦ ਹੀ, ਰਹੇ ਸੁਹਾਗ ਜੁਗਾਰੜੀਆ ।੮੬।
ਜੁਗਾਂ ਤੋੜ ਸੁਹਾਗ ਅਮਰ ਦਾ, ਸਰਸੇ ਬਾਗ ਮਹਾਰੜੀਆ ।੮੭।
ਅਮਰ ਅਟਲ ਸੁਹਾਗ ਰਹੇ, ਵਰੁ ਮਿਲਿਆ ਅਮਰ ਅਟਾਰੜੀਆ ।੮੮।
ਰੁਣ-ਝੁੰਜਨੜਾ ਗਾਵਹੁ ਸਜਨੀ, ਦਰੁ ਖੁਲ੍ਹਾ ਬੰਕ ਦੁਆਰੜੀਆ ।੮੯।
ਸਹਿ ਆਪਨੜੇ ਲੜਿ ਲਾਇ ਲਈ, ਕਿਛ ਗੁਣੁ ਅਵਗੁਣੁ ਨ ਵੀਚਾਰੜੀਆ ।੯੦।
**ਮੈਂ ਝਲੀ ਅਲ-ਵਲੱਲੀ ਦਾ, ਸਹਿ ਕੀਤਾ ਬਹੁ ਉਪਚਾਰੜੀਆ ।੯੧।**
ਕਰਿ ਪਿਆਰ ਉਪਚਾਰ ਅਪਣਾਇ ਲਈ, ਮੈਂ ਸਹੁ ਵਿਟਹੁ ਬਲਿਹਾਰੜੀਆ ।੯੨।

ਰਸ-ਜੋਤਿ ਨਿਰੰਤਰਿ ਆਤਮ-ਭੋਗ ਵਿਲੱਖਣਤਾ ਨਿਰੂਪਣ :—

ਬੈਂਤ—ਰਾਵਲ ਰਸਕ ਅਨੰਦੀਏ ਰਸੀਅੜੇ ਨੇ, ਚੋਜ ਅਨੰਦੀਆ ਭੋਗ ਰਚਾਵਣਾ ਈਂ ।
ਨਾਹੁ ਨਾਰ ਰਾਵੈ, ਨਾਰ ਨਾਹੁ ਰਾਵੈ, ਓਤਿ ਪੋਤਿ ਰਸ ਬਿਸਮ ਰਹਾਵਣਾ ਈਂ ।
ਅਚਰਜ ਸੁਆਦ ਬਿਸਮਾਦ ਦੀ ਲਪਟ ਲੈ ਕੇ, ਲੋਟ ਪੋਟ ਰਸ ਘੋਟ ਹੋ ਜਾਵਣਾ ਈਂ ।
ਕਾਮ, ਸੁਆਦ ਰਸ ਦੇ ਵਿਸ਼ੇ ਭੋਗੀਆਂ ਨੂੰ, ਆਤਮ ਭੋਗ ਦਾ ਭੇਦ ਕੀ ਆਵਣਾ ਈਂ ।੧।
ਪੰਜ-ਭੂਤਕੀ ਮਰਦ ਨਰ ਇਸਤ੍ਰੀ ਦੇ ਲਿੰਗ ਭੇਦ ਵਾਲਾ ਏਥੇ ਲੇਸ ਨਾਹੀਂ ।
ਬਿਖੇ ਬਾਸ਼ਨਾ ਤੇ ਕਾਮ ਸੁਆਦ ਵਾਲੇ, ਕਿਸੇ ਜੀਵ ਦਾ ਈਹਾਂ ਪ੍ਰਵੇਸ਼ ਨਾਹੀਂ ।
ਮਰਦ ਇਸਤ੍ਰੀ ਦੇ ਦੇਹ ਜਾਮਿਆਂ ਦਾ, ਕੋਈ ਖ਼ਾਸ ਏਥੇ ਭੰਗ ਭੇਸ ਨਾਹੀਂ ।
ਆਤਮ-ਭੋਗ ਭਾਗੀ, ਇਕ-ਸਾਰ ਦੋਈ, ਕੋਈ ਕਿਸੇ ਦਾ ਹੱਕ ਵਿਸ਼ੇਸ਼ ਨਾਹੀਂ ।੨।
ਗੁਰੂ ਮਤਿ ਅਨੁਸਾਰ ਨਰ ਨਾਰ ਦੋਹਾਂ, ਇਕ-ਸਾਰ ਗੁਰ ਗਿਆਨੁ ਅਧਿਕਾਰ ਜਾਣੋ ।
ਜ਼ਨੋ ਮਰਦ ਸਾਰੇ ਬਸ਼ਰ ਨਾਰੀਆਂ ਹਨ, ਕੇਵਲ ਇਕ ਹੀ ਪੁਰਖ ਕਰਤਾਰ ਜਾਣੋ ।
ਓਹੀ ਪੁਰਖ ਏਹਨਾਂ ਸਭੇ ਨਾਰੀਆਂ ਦਾ, ਰਾਵਣਹਾਰ ਸੱਚਾ ਭਰਤਾਰ ਜਾਣੋ ।
ਸਭੇ ਘਟਾਂ ਅੰਦਰਿ ਓਹੁ ਅਲਿਪਤ ਵਰਤੇ, ਸਭੇ ਘਟਾਂ ਦਾ ਭੋਗਣੇਹਾਰ ਜਾਣੋ ।੩।
ਗੁਪਤ ਵਰਤਦਾ ਸਗਲ ਸ੍ਰਿਸ਼ਟ ਅੰਦਰਿ, ਐਪਰ ਗੁਰਮੁਖਾਂ ਨੂੰ ਪਰਗਟ ਹੋਂਵਦਾ ਹੈ ।
ਗੁਰਮੁਖਿ ਜਾਮਿਆਂ ਸ੍ਰੇਸ਼ਟ ਰੂਹ ਘਟਾਂ ਹਿਰਦੇ, ਕਿਰਨ ਜੋਤਿ ਪ੍ਰਕਾਸ਼ ਦੀ ਭੋਂਵਦਾ ਹੈ ।
ਰਸ-ਜੋਤਿ ਪ੍ਰਕਾਸ਼ ਹੈ ਗਿਆਨ ਉਸ ਦਾ, ਗਿਆਨ ਰਾਉ ਹੋ ਕੇ ਰਸੁ ਚੋਂਵਦਾ ਹੈ ।
ਗਿਆਨ ਰਾਉ ਹੋ ਕੇ ਘਟੀਂ ਭੋਗੁ ਭੋਗੇ, ਗਿਆਨ ਰਾਉ ਹੋ ਨਿਕਟ ਖਲੋਂਵਦਾ ਹੈ ।੪।
ਰਮੇ ਸੇਜੜੀ ਹੋਇ ਕੈ ਰਾਉ ਰਸੀਆ, ਜਾਂ ਬਲੋਵਣਾ ਸ਼ਬਦ ਬਲੋਂਵਦਾ ਹੈ ।
ਰਸਕ ਰਸੀਅੜਾ ਸ਼ਬਦ ਭਤਾਰ ਹੋ ਕੇ, ਅੰਤਰਿ ਆਤਮੇ ਸ਼ਬਦ ਸੰਜੋਂਵਦਾ ਹੈ ।
ਅੰਮ੍ਰਿਤ ਸ਼ਬਦ ਹੈ ਤਤ ਗਿਆਨੁ ਉਸ ਦਾ, ਗਿਆਨ ਖੜਗ ਕਰ ਜਾਪ ਜਪੋਂਵਦਾ ਹੈ ।
ਅੰਮ੍ਰਿਤ-ਤੱਤ-ਰਸ-ਜੋਤਿ ਖੜਕਾਇ ਖੰਡਾ, ਭੋਗ ਗਿਆਨ ਦਾ ਝੋਵਣਾ ਝੋਂਵਦਾ ਹੈ ।੫।

[ਪੂਰਾ ਰਸ ਮਾਨਣ ਲਈ ਪੜ੍ਹੋ ਪੁਸਤਕ "ਜੋਤਿ ਵਿਗਾਸ"



www.AKJ.Org

# ਮਨਮੁਖਿ ਮੋਹਿ ਭਰਮਿ ਭੋਲਾਣੀ

[ਵਲੋਂ :—ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ, ਬਤੂੰਦੀ]

ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨ ਦੇ ਉਤਰ ਵਿਚ ਮਨਮੁਖਾਂ ਲਈ ਵਰਤੇ ਸ਼ਬਦਾਂ ਦੀ ਵਿਆਖਿਆ—

**ਬਉਰਾਨੇ** : ਮਨਮੁਖਿ ਮੋਹਿ ਭਰਮਿ ਭੋਲਾਣੀ ॥
ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥ (੪੨੪)

ਮਨਮੁਖ ਕਿਸ ਦਾ ਵਿਚਾਰਾ ਹੈ, ਉਸ ਨੂੰ ਤਾਂ ਭਰਮ ਮੋਹ ਨੇ ਭੁਲਾਣਾ ਹੀ ਸੀ। ਨਾਮ ਬਿਨਾਂ ਤਾਂ ਸਾਰਾ ਜਹਾਨ ਹੀ ਕਮਲਾ ਤੇ ਬਉਰਾ ਹੋਇਆ ਫਿਰਦਾ ਹੈ। ਜੈਸੇ ਗੁਰ ਫੁਰਮਾਨ ਹੈ—

ਵਿਣੁ ਨਾਵੈ ਸਭੁ ਜਗੁ ਬਉਰਾਇਆ, ਨਾਮੁ ਮਿਲੈ ਸੁਖੁ ਪਾਈਐ ॥੨॥ (੩੮੨)

**ਕਮਲੇ** : ਮਨਮੁਖਿ ਕਮਲਾ ਰਗੜੈ ਲੁਝੈ ॥
ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥੪੬॥ (੧੪੧੮)

ਮਨਮੁਖ ਸੱਚ ਮੁੱਚ ਹੀ ਕਮਲਾ ਹੈ, ਕਿਉਂ ਜੁ ਸਾਰੀ ਦਿਹਾੜੀ ਕਮਲਿਆਂ ਵਾਲੇ ਕੰਮ ਜੁ ਕਰਦਾ ਹੈ। ਮਾਇਕ ਰਗੜਿਆਂ ਝਗੜਿਆਂ ਵਿਚ ਆਪਣੇ ਅਮੋਲਕ ਦੁਰਲੱਭ ਜਨਮ ਨੂੰ ਅਵਾਈਂ ਗਵਾਉਣਾ ਕੀ ਸਿਆਣਿਆਂ ਦਾ ਕੰਮ ਹੋ ਸਕਦਾ ਹੈ ? ਹਰਗਿਜ਼ ਨਹੀਂ। ਇਹ ਕੰਮ ਤਾਂ ਕਮਲਿਆਂ ਦਾ ਹੈ। ਜੇ ਕਿਤੇ ਉਹ ਗੁਰੂ ਦੀ ਸ਼ਰਨ ਪੈ ਕੇ ਸਗੁਰਾ* ਹੋ ਜਾਵੇ ਤਾਂ ਉਸ ਨੂੰ **ਅਸਲ** ਸੋਝੀ ਹੋ ਜਾਵੇ ਤੇ ਉਹ ਆਪ ਹੀ ਮੰਨ ਜਾਵੇ ਕਿ ਉਹ ਸੱਚ ਮੁਚ ਹੀ ਕਮਲਾ ਸੀ।

**ਅਗਿਆਨੀ** : ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥
ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥ (੮੯)

ਮਨਮੁਖ ਨਿਤਪ੍ਰਤੀ ਉਠਣ ਸਾਰ ਹੀ ਐਸੇ ਕੰਮਾਂ ਨੂੰ ਚਿੰਬੜ ਜਾਂਦੇ ਹਨ ਜੋ ਰੱਬ ਤੋਂ ਦੁਰੇਡੇ ਲੈ ਜਾਣ ਵਾਲੇ ਹਨ। ਜਿਉਂ ਜਿਉਂ ਉਹ ਐਸੇ ਕੰਮਾਂ ਵਿਚ ਵਾਧਾ ਕਰਦੇ ਹਨ ਤਿਉਂ ਤਿਉਂ ਉਨ੍ਹਾਂ ਦੇ ਦੁਖਾਂ ਵਿਚ ਵੀ ਵਾਧਾ ਹੋਈ ਜਾਂਦਾ ਹੈ। ਮਾਨੋ ਓਹ ਜਾਣ ਬੁਝ ਕੇ ਦੁਖਾਂ ਰੂਪ ਸਮੁੰਦਰ ਵਿਚ ਡੁੱਬਣ ਦੇ ਬਾਨ੍ਹਣੂ ਬੰਨ੍ਹ ਰਹੇ ਹਨ। ਓਹਨਾਂ ਦੀ ਐਸੀ ਗਤੀ ਨਾਮ ਵਿਸਾਰਨ ਦੇ ਕਾਰਨ ਹੋਈ ਹੈ, ਇਸੇ ਲਈ ਓਹਨਾਂ ਨੂੰ ਅਸਲ ਅਗਿਆਨੀ ਗਰਦਾਨਿਆ ਗਿਆ ਹੈ। ਜੈਸੇ ਗੁਰ ਫੁਰਮਾਨ ਹੈ—

ਨਾਮ ਬਿਨਾ ਕਿਆ ਗਿਆਨੁ ਧਿਆਨੁ ॥੩॥ (੯੦੫)

**ਬੇਸੋਝੇ** : ਮਨਮੁਖ ਅੰਧੁਲੇ ਸੋਝੀ ਨਾਹੀ ॥
ਆਵਹਿ ਜਾਹਿ ਮਰਹਿ ਮਰਿ ਜਾਹੀ ॥੩॥ (੧੦੨੯)

ਅੰਨ੍ਹਿਆਂ ਮਨਮੁਖਾਂ ਨੂੰ ਮਨੁਖਾ ਜਨਮ ਦੇ ਅਸਲੀ ਮਨੋਰਥ ਦਾ ਹੀ ਪਤਾ ਨਹੀਂ। ਤਾਂਤੇ ਓਹ ਚੁਰਾਸੀ ਦੇ ਗੇੜੇ ਵਿਚੋਂ ਨਿਕਲਣ ਦੀ ਬਜਾਏ ਸਗੋਂ ਇਸ ਨੂੰ ਹੋਰ ਪੱਕਿਆਂ ਕਰ ਰਹੇ ਹਨ। ਓਹਨਾਂ ਬੇਸੋਝਿਆਂ ਨੂੰ ਸੋਝੀ ਤਾਂ ਆਵੇ ਜੇ ਓਹ ਸਗੁਰੇ ਹੋ ਕੇ ਮਨੁਖਾ ਜਨਮ ਦੇ ਮਨੋਰਥ ਨੂੰ ਗੁਰੂ ਪਾਸੋਂ ਸਮਝਣ ਦਾ ਯਤਨ ਕਰਨ।

---

*ਪਿਛਲੇ ਲੇਖ ਵਿਚ ਦਸਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪੰਜ ਪਿਆਰਿਆਂ ਤੋਂ ਨਾਮ ਗੁਰ-ਮੰਤ੍ਰ ਪ੍ਰਾਪਤ ਕਰ ਕੇ ਹੀ ਸਗੁਰਾ ਹੋ ਸਕੀਦਾ ਹੈ।



www.AKJ.Org

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (੧੨)
ਪੁਨਾ—ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ਰਹਾਉ ॥(੧੨੧੯)
ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ਰਹਾਉ॥ (੪੩)

**ਬੇਸੁੱਧੇ** : ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥ (੬੪੭)

ਨਾਮ ਨੂੰ ਵਿਸਾਰਨਾ ਸਾਰੇ ਦੁਖਾਂ ਦਾ ਮੂਲ ਕਾਰਨ ਹੈ। ਇਹ ਗੁਰਮਤਿ ਦਾ ਤੱਤ ਨਿਚੋੜ ਹੈ। ਨਾਮ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ। ਬਿਨਾਂ ਗੁਰੂ ਤੋਂ ਮਨਮੁਖ ਦੇ ਅੰਦਰਲਾ ਅਗਿਆਨ-ਅੰਧੇਰਾ ਕਦਾਚਿਤ ਦੂਰ ਨਹੀਂ ਹੋ ਸਕਦਾ। ਜੈਸੇ ਗੁਰ ਫ਼ੁਰਮਾਨ ਹੈ—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ (੧੩੯੯)

**ਅਹੰਕਾਰੀ** : ਮਨਮੁਖ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ (੩੧੪)

ਮਨਮੁਖਾਂ ਅਗਿਆਨੀਆਂ ਨੂੰ ਅਸਲ ਮੱਤਿ ਬੁਧਿ ਨਹੀਂ ਹੋ ਸਕਦੀ। ਓਹ ਤਾਂ ਅਹੰਕਾਰ ਵਿਚ ਮੱਤੇ ਹੋਏ ਖੋਟੀ ਮੱਤਿ ਨੂੰ ਹੀ ਅਸਲੀ ਮੱਤਿ ਸਮਝੀ ਬੈਠੇ ਹਨ। ਇਸੇ ਕਾਰਨ ਹੀ ਹੀਰੇ ਜਨਮ ਨੂੰ ਜੂਏ ਵਿਚ ਹਾਰ ਕੇ ਚਲਦੇ ਬਣਨਗੇ। ਪੂਰੇ ਗੁਰੂ ਦੀ ਸਰਨਿ ਆਉਣ ਤਾਂ ਅਸਲ ਮੱਤਿ ਬੁਧਿ ਸਿਆਣਪ ਦੀ ਡੈਫੀਨੀਸ਼ਨ ਦੀ ਸੋਝੀ ਹੋਵੇ। ਯਥਾ ਗੁਰਵਾਕ—

ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥੬੭੮॥
ਤਥਾ—ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥੪॥੧੨॥ (੧੦੦)

ਇਹ ਸੁਮਤਿ ਕੇਵਲ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦੀ ਹੈ, ਹੋਰ ਕਿਤੋਂ ਹਰਗਿਜ਼ ਨਹੀਂ ਮਿਲ ਸਕਦੀ। ਯਥਾ ਗੁਰਵਾਕ—

ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥ (੧੫੮)
ਅਤੇ—ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ਰਹਾਉ॥ (੧੮੪)

ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥
ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥ (੪੯੧)
ਸਭਿ ਜੁਗ ਤੇਰੈ ਕੀਤੇ ਹੋਏ ॥ ਸਤਿਗੁਰੁ ਭੇਟੈ ਮਤਿ ਬੁਧਿ ਹੋਇ ॥੧॥ (੧੧੭੬)

ਜਿਸ ਨੂੰ ਆਮ ਲੁਕਾਈ ਮੱਤਿ ਮੰਨੀ ਬੈਠੀ ਹੈ ਉਸ ਨੂੰ ਤਾਂ ਗੁਰਬਾਣੀ ਅੰਦਰ ਦੁਰਮਤਿ, ਅਲੂਣੀ ਮਤਿ, ਮਨਮਤਿ, ਮਲੀਣ ਮਤਿ, ਅਸੁਧਿ ਮਤਿ, ਅਗਿਆਨ ਮਤਿ, ਦੁਸਟ ਮਤਿ, ਬਿਗਾਨੀ ਮਤਿ, ਦੂਤੀਆ ਮਤਿ, ਫਿਕੀ ਮਤਿ, ਹੋਛੀ ਮਤਿ, ਕਾਚੀ ਮਤਿ, ਭਵੀ ਹੋਈ ਮਤਿ, ਆਦਿ ਨਾਮ ਦੇ ਕੇ ਵਿਸਾਰਨ ਲਈ ਤਾਕੀਦ ਕੀਤੀ ਗਈ ਹੈ। ਯਥਾ ਗੁਰਵਾਕ—

[ਬਾਕੀ ਦੇਖੋ ਸਫ਼ਾ ੧੦ ਦੇ ਹੇਠ]

www.AKJ.Org

# ਸੁਖਮਨੀ : ਸਦੀਵੀ ਸੁਖ ਦਾ ਮਾਰਗ

[ਵਲੋਂ :—ਭਾਈ ਬਲਵੰਤ ਸਿੰਘ ਜੀ ਖਾਲਸਾ, ਫਿਰੋਜ਼ਪੁਰ]

ਜੀਵ ਹਰ ਕਰਮ ਕਿਸੇ ਸੁਖ ਦੀ ਪ੍ਰਾਪਤੀ ਲਈ ਕਰਦਾ ਹੈ। ਸੁਖ ਉਸ ਦੀ ਦੌੜ ਹੈ, ਉਸ ਦੀ ਮੰਜ਼ਲ ਹੈ। ਧਰਮ ਦਾ ਮਾਰਗ ਵੀ ਸੁਖ ਦੀ ਦਸ ਪਾਉਂਦਾ ਹੈ। ਅਧਿਆਤਮਕ ਤੇ ਪਦਾਰਥਕ ਸੁਖਾਂ ਵਿਚ ਵਿਸ਼ੇਸ਼ ਅੰਤਰ ਹੈ। ਅਧਿਆਤਮਕ ਸੁਖ ਸਦੀਵੀ ਤੇ ਸਥਿਰ ਹੁੰਦੇ ਹਨ ਤੇ ਪਦਾਰਥਕ ਸੁਖ ਛਿਨ-ਭੰਗਰ। ਗੁਰਮਤਿ ਵਿਚ ਸਦੀਵੀ ਸੁਖ ਦੀ ਪ੍ਰਾਪਤੀ ਲਈ ਵਿਧੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੀਵ ਨੂੰ ਦੁਖ ਤੋਂ ਮੁਕਤੀ ਪਾਉਣ ਤੇ ਸਦੀਵੀ ਸੁਖ ਦੀ ਪ੍ਰਾਪਤੀ ਦਾ ਮਾਰਗ ਦਸਿਆ ਹੈ। ਇਸ ਦਾ ਵਿਸਥਾਰ ਸਹਿਤ ਵਰਨਣ ਸੁਖਮਨੀ ਸਾਹਿਬ ਵਿਚ ਕੀਤਾ ਹੈ।

ਸੁਖਮਨੀ ਸਾਹਿਬ ਬਾਰੇ ਸਿਖ ਜਗਤ ਵਿਚ ਇਕ ਕਥਾ ਪ੍ਰਚਲਤ ਹੈ। ਮਨੁਖ ਅੱਠਾਂ ਪਹਿਰਾਂ ਵਿਚ ੨੪ ਹਜ਼ਾਰ ਸਵਾਸ ਲੈਂਦਾ ਹੈ। ਸੁਖਮਨੀ ਸਾਹਿਬ ਦੇ ੨੪ ਹਜ਼ਾਰ ਲਗਾਂ ਮਾਤਰਾਂ ਤੇ ਅੱਖਰ ਹਨ। ਸੋ ਜੋ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਰੋਜ਼ ਪਾਠ ਕਰਦਾ ਹੈ, ਉਸ ਦੇ ਸਾਰੇ ਸਵਾਸ ਸਫਲ ਹੋ ਜਾਂਦੇ ਹਨ। ਤੇ ਉਸ ਨੂੰ ਦਰਗਾਹ ਵਿਚ ਸੁਖ ਮਿਲਦਾ ਹੈ।

ਗੁਰਮਤਿ ਵਿਚ ਆਤਮਕ ਸੁਖ ਨੂੰ ਹੀ ਚੰਗਾ ਮੰਨਿਆ ਗਿਆ ਹੈ। ਮਾਇਕ ਪਦਾਰਥਾਂ ਦੇ ਸੁਖਾਂ ਵਿਚ ਭੀ ਦੁਖ ਛੁਪਿਆ ਹੋਇਆ ਹੁੰਦਾ ਹੈ। ਹਰ ਸੁਖ ਦਾ ਅੰਤ ਦੁਖ ਨਾਲ ਸੀ ਹੁੰਦਾ ਹੈ, ਜਿਸ ਕਰਕੇ ਹਰ ਸੁਖ 'ਦੁਖ' ਹੋ ਨਿਬੜਦਾ ਹੈ। ਸਦੀਵੀ ਸੁਖ ਦੀ ਪ੍ਰਾਪਤੀ ਬਾਰੇ ਗੁਰੂ ਸਾਹਿਬ ਨੇ ਬੜੇ ਸੁੰਦਰ ਤੇ ਸਰਲ ਢੰਗ ਨਾਲ ਸੁਖਮਨੀ ਸਾਹਿਬ ਵਿਚ ਦਸਿਆ ਹੈ। ਗੁਰਮਤਿ ਵਿਚ ਨਾਮ-ਸਿਮਰਨ ਨੂੰ ਹੀ ਸਭ ਕਰਮਾਂ ਤੋਂ ਸ੍ਰੇਸ਼ਟ ਤੇ ਸਰਬ-ਸੁਖਦਾਤਾ ਮੰਨਿਆ ਹੈ। ਗੁਰੂ ਜੀ ਦਾ ਮਹਾਂਵਾਕ ਹੈ :—

ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥ (੧੧੩੬)

ਸੁਖਮਨੀ ਸਾਹਿਬ ਵਿਚ ਇਸ ਨੁਕਤੇ ਨੂੰ ਬੜੇ ਹੀ ਵਿਸਥਾਰ ਨਾਲ ਸਮਝਾਇਆ ਹੈ ਕਿ ਸੁਖ ਵਾਹਿਗੁਰੂ ਦਾ ਅੰਮ੍ਰਿਤ ਨਾਮ ਹੈ, ਜੋ ਭਗਤਾਂ ਦੇ ਮਨ ਵਿਚ ਵਸਦਾ ਹੈ। ਭਾਵ ਨਾਮ ਨੂੰ ਮਨ ਵਿਚ ਵਸਾਉਣ ਨਾਲ ਹੀ ਸਾਰੇ ਸੁਖ ਮਿਲਦੇ ਹਨ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਸੁਖਮਨੀ ਸਾਹਿਬ ਦਾ ਆਰੰਭ ਹੀ ਸਿਮਰਨ ਨਾਲ ਸੁਖ ਪਾਉਣ ਤੇ ਸਾਰੇ ਪਾਪਾਂ ਨੂੰ ਨਾਮ ਜਪਣ ਨਾਲ ਨਸ਼ਟ ਕਰਨ ਦੇ ਵਿਚਾਰ ਨਾਲ ਹੁੰਦਾ ਹੈ:—

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥

ਇਹ ਸੰਸਾਰ ਦੁਖਾਂ ਦਾ ਘਰ ਹੈ। "ਸਗਲ ਸ੍ਰਿਸਟਿ ਕਾ ਰਾਜਾ ਦੁਖੀਆ" ਹੈ। ਇਹ ਜੀਵ ਦੁਖਾਂ ਨਾਲ ਪੀੜਤ 'ਹਾਏ, ਹਾਏ' ਕਰਦੇ ਹਨ। ਗੁਰੂ ਜੀ ਦੁਖਾਂ ਨਾਲ ਨਪੀੜੀ ਮਨੁਖਤਾ ਲਈ ਸੁਖ ਦਾ ਸਾਧਨ ਇਉਂ ਦਸਦੇ ਹਨ :—

ਜੇ ਕੋ ਅਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥੫॥ (੩)
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥੧॥ (੧੪)
ਧਿਆਇ ਧਿਆਇ ਭਗਤਹ ਸੁਖੁ ਪਾਇਆ ॥੨॥ (੧੬)

ਇਹੀ ਕਾਰਨ ਹੈ ਕਿ ਸਤਿਗੁਰੂ ਜੀ ਵਾਰ ਵਾਰ ਜੀਵ ਨੂੰ ਨਾਮ ਸਿਮਰਨ ਲਈ ਪ੍ਰੇਰਦੇ ਹਨ। ਸਿਮਰਨ ਕਰਨ ਨਾਲ ਮਨ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ ਤੇ ਸਾਰੇ ਦੁਖਾਂ ਦਾ ਨਾਸ।


www.AKJ.Org

ਗੁਰੂ ਜੀ ਫ਼ੁਰਮਾਂਦੇ ਹਨ ਕਿ ਜਦੋਂ ਇਹ ਸਰੀਰ ਦਾ ਖੇਲ ਖਤਮ ਹੋ ਜਾਵੇਗਾ ਤਾਂ ਓਥੇ ਜਮ ਦੇ ਮਾਰਗ ਤੇ ਚਲਦਿਆਂ ਮਾਤਾ ਪਿਤਾ ਭੈਣ ਭਰਾ ਮਿਤ੍ਰ ਕੋਈ ਵੀ ਕੰਮ ਨਹੀਂ ਆਵੇਗਾ, ਉਥੇ ਪ੍ਰਮਾਤਮਾ ਦਾ ਨਾਮ ਹੀ ਬਚਾਵੇਗਾ :–

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥੧॥ (੨)

ਜੀਵ ਕੁਰਾਹੇ ਪਿਆ,ਮਾਇਆ ਦੇ ਸੁਖਾਂ ਪਿਛੇ ਭਟਕਦਾ ਰਹਿੰਦਾ ਹੈ। ਨਾ ਇਸ ਲੋਕ ਵਿਚ ਸੁਖ ਮਿਲਦਾ ਹੈ ਨਾ ਪਰਲੋਕ ਵਿਚ। ਗੁਰੂ ਜੀ ਇਹਨਾਂ ਮਾਇਕ ਸੁਖਾਂ ਨੂੰ ਬ੍ਰਿਛ ਦੀ ਛਾਂ ਨਾਲ ਤੁਲਨਾ ਦਿੰਦੇ ਹਨ। ਸਦੀਵੀ ਸੁਖਾਂ ਦਾ ਦਾਤਾ ਤਾਂ ਪ੍ਰਮਾਤਮਾ ਦਾ ਨਾਮ ਹੈ। ਪ੍ਰਮਾਤਮਾ ਨੂੰ ਯਾਦ ਕਰੋ, ਤੁਹਾਡੇ ਗ੍ਰਹਿ ਵਿਚ ਸੁਖਾਂ ਦਾ ਨਿਵਾਸ ਹੋਵੇਗਾ। ਨਾਮ ਜਪਦਿਆਂ ਪ੍ਰਮਾਤਮਾ ਨਾਲ ਅਭੇਦਤਾ ਪ੍ਰਾਪਤੀ ਹੋਵੇਗੀ। ਅਜਿਹੀ ਮਾਨਸਕ ਅਵਸਥਾ ਬਣ ਜਾਵੇਗੀ ਜਿਥੇ ਦੁਖ ਸੁਖ ਬਰਾਬਰ ਜਾਪਣਗੇ, ਹਮੇਸ਼ਾਂ ਖੇੜਾ ਰਹੇਗਾ।

ਸੋ ਸੁਖਮਨੀ ਸਾਹਿਬ ਦਾ ਸਾਰੰਸ਼ ਹੈ ਕਿ ਜੇ ਪ੍ਰਾਣੀ ਸਦੀਵੀ ਸੁਖ ਚਾਹੁੰਦਾ ਹੈ ਤਾਂ ਉਸ ਨੂੰ ਹਰ ਵੇਲੇ ਨਾਮ ਜਪਣਾ ਚਾਹੀਦਾ ਹੈ। ਅਤੇ ਨਾਮ ਜਪਣਾ ਫਲੀਭੂਤ ਤਾਂ ਹੀ ਹੁੰਦਾ ਹੈ ਜੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਕੇ ਸੁਆਸ ਗਿਰਾਸ ਨਾਮ ਜਪਿਆ ਜਾਵੇ।

---

[ਸਫ਼ਾ ੮ ਦੀ ਬਾਕੀ]

ਮਨ ਮੇਰੇ ਕਰਤੇ ਨੋ ਸਾਲਾਹਿ ॥
ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ਰਹਾਉ॥ (੪੩)

ਪੁਨਾ–ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ਰਹਾਉ॥ (੫੦)

ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥ (੨੫੩)

ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ (੨੯੬)

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥ (੮੦੦)

**ਅਹੰਮਤੇ** : ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥
ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥੧੯॥ (੧੦੯੩)

ਮਨਮੁਖ ਅਗਿਆਨੀ ਆਪਣੇ ਅੰਦਰ ਦੀ ਭਾਲ ਨਹੀਂ ਕਰ ਸਕਦੇ। ਓਹਨਾਂ ਦੇ ਘਰਾਂ ਨੂੰ ਪੰਜ ਚੋਰ ਸੰਨ੍ਹ ਮਾਰ ਕੇ ਲੁੱਟੀ ਜਾ ਰਹੇ ਹਨ। ਨਾ ਓਹਨਾਂ ਨੂੰ ਚੋਰਾਂ ਦਾ ਥਹੁ-ਪਤਾ ਹੈ, ਨਾ ਓਹਨਾਂ ਦੇ ਕਢਣ ਦੀ ਸੂਝ ਬੂਝ। ਓਹ ਪਏ ਚਾਰੋਂ ਪਾਸੀਂ ਘੁੰਮਦੇ ਫਿਰਨ। ਐਸਾ ਕਰਨ ਨਾਲ ਤਾਂ ਸਗੋਂ ਓਹਨਾਂ ਦੀ ਤ੍ਰਿਸ਼ਨਾ ਰੂਪੀ ਅੱਗ ਵਿਚ ਹੋਰ ਵਾਧਾ ਹੋਈ ਜਾਂਦਾ ਹੈ।

**ਅਭਿਮਾਨੀ** : ਮਨਮੁਖ ਬਹੁਤੁ ਕਰੇ ਅਭਿਮਾਨੁ ॥
ਦਰਗਹ ਕਬਹੀ ਨ ਪਾਵੈ ਮਾਨੁ ॥੯॥ (੧੦੬੯)

ਮਨਮੁਖ ਆਪ-ਹੁਦਰਾ ਆਪਣੇ ਅਭਿਮਾਨ ਅਹੰਕਾਰ ਨੂੰ ਲਿੱਸਾ ਕਰਨ ਦੀ ਬਜਾਏ ਸਗੋਂ ਉਸ ਨੂੰ ਹੋਰ ਪੱਠੇ ਪਾ ਕੇ ਤਕੜਾ ਕਰਨ ਵਿਚ ਹੀ ਫ਼ਖ਼ਰ ਸਮਝ ਰਿਹਾ ਹੁੰਦਾ ਹੈ। ਐਸੀ ਖੋਟੀ ਮੱਤੜੀ ਦੇ ਕਾਰਨ ਉਸ ਨੂੰ ਦਰਗਾਹ ਵਿਚ ਮਾਣ ਕਦਾਚਿੱਤ ਨਹੀਂ ਮਿਲ ਸਕਦਾ।

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

## (ਕਿਸ਼ਤ ੨੪ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਜੁਲਾਈ ੮੦)

[ਵਲੋਂ :—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## ਪਾਤਸ਼ਾਹ ਦਾ ਲਾਹੌਰ ਨੂੰ ਵਾਪਸ ਆਉਣਾ

**ਕਾਜ਼ੀ ਨੂਰ ਮੁਹੰਮਦ ਦਾ ਫ਼ਰਮਾਨ ਹੈ :–**

ਗੁਰੂ ਚੱਕੋਂ ਹਟ ਕੇ ਜਦ ਪਾਤਸ਼ਾਹ ਲਾਹੌਰ ਵਾਪਸ ਆਇਆ ਤਾਂ ਸਲਾਹ ਮਸ਼ਵਰੇ ਲਈ ਸਾਰੇ ਸਰਦਾਰਾਂ ਨੂੰ ਦਰਬਾਰ ਵਿਚ ਸੱਦਿਆ। ਕਹਿਣ ਲੱਗਾ ਕਿ ਇਨ੍ਹਾਂ ਭ੍ਰਿਸ਼ਟੇ ਸਿਖਾਂ ਨੂੰ ਮੁਕਾਉਣ ਦੀ ਮੈਂ ਕੀ ਤਦਬੀਰ ਕਰਾਂ। ਇਨ੍ਹਾਂ ਦੇ ਪਿਛੇ ਮੈਂ ਜਿਥੇ ਵੀ ਜਾਂਦਾ ਹਾਂ, ਇਹ ਮੈਥੋਂ ਪਹਿਲਾਂ ਹੀ ਉਥੋਂ ਨਸ ਜਾਂਦੇ ਹਨ। ਇਨ੍ਹਾਂ ਦਾ ਕੋਈ ਘਰ-ਘਾਟ ਜਾਂ ਥਾਂ-ਟਿਕਾਣਾ ਹੀ ਨਹੀਂ। ਸੋ ਇਨ੍ਹਾਂ ਦੀ ਤਬਾਹੀ ਦਾ ਕੋਈ ਢੰਗ ਤੁਸੀਂ ਸੋਚ ਕੇ ਕਢੋ।

ਸਾਰਿਆਂ ਸਰਦਾਰਾਂ ਨੇ ਆਪਣੇ ਆਪਣੇ ਦਿਲ ਦੀ ਕਹਿ ਸੁਣਾਈ। ਪਾਤਸ਼ਾਹ ਨੇ ਹਰ ਇਕ ਦੀ ਗੱਲ ਬੜੇ ਧਿਆਨ ਨਾਲ ਸੁਣੀ। ਫਿਰ ਜਦ ਬਲੋਚਾਂ ਦੇ ਸਰਦਾਰ ਦੀ ਵਾਰੀ ਆਈ ਤਾਂ ਪਾਤਸ਼ਾਹ ਨੇ ਉਸ ਦੀ ਵੀ ਰਾਏ ਪੁਛੀ। ਬਲੋਚਾਂ ਦੇ ਸਰਦਾਰ ਨੇ ਕਿਹਾ ਕਿ "ਸਾਨੂੰ ਏਥੋਂ ਤੁਰ ਪੈਣਾ ਚਾਹੀਦਾ ਹੈ ਤੇ ਸਿਖਾਂ ਦਾ ਪਿਛਾ ਕਰੀ ਜਾਣਾ ਚਾਹੀਦਾ ਹੈ। ਜੇਕਰ ਇਨ੍ਹਾਂ ਕਾਫ਼ਰਾਂ ਵਿਚੋਂ ਕੋਈ ਸਾਡੇ ਮੁਕਾਬਲੇ ਤੇ ਖੜ੍ਹੇਗਾ ਤਾਂ ਹਜ਼ੂਰ ਦੇ ਇਕਬਾਲ ਨਾਲ ਅਵੱਸ਼ ਹੀ ਉਹ ਕਾਲੇ ਮੂੰਹ ਵਾਲਾ ਥਾਂ ਤੇ ਹੀ ਮਾਰਿਆ ਜਾਵੇਗਾ। ਸਰਹੰਦ ਅੱਪੜ ਕੇ ਏਨਾ ਕੁ ਚਿਰ ਠਹਿਰੀਏ ਕਿ ਦਿੱਲੀ ਤੋਂ ਨਜੀਬੁਦੌਲਾ ਵਲੋਂ ਖ਼ਬਰ ਆ ਜਾਵੇ ਕਿ ਉਥੇ ਕੀ ਬੁਰਾ ਭਲਾ ਵਾਪਰਿਆ ਹੈ। ਜਦ ਆਪ ਦੇ ਕੂਚ ਦੀ ਗੂੰਜ ਸਰਹੰਦ ਤੱਕ ਅੱਪੜੇਗੀ ਤਾਂ ਦਿਲੀ ਤਕ ਵੀ ਇਹ ਖਬਰਾਂ ਲਾਜ਼ਮੀ ਪੁਜ ਜਾਣਗੀਆਂ। ਉਸ ਵੇਲੇ ਕਾਫਰ ਇਹ ਸੁਣ ਕੇ ਕੰਬਣ ਲੱਗ ਪੈਣਗੇ ਕਿ ਦੁਨੀਆ ਦਾ ਸ਼ਹਿਨਸ਼ਾਹ ਆ ਗਿਆ ਹੈ। ਬਸ ਫਿਰ ਇਹ ਭ੍ਰਿਸ਼ਟੇ ਹੋਏ (ਸਿਖ) ਐਧਰ ਓਧਰ ਡਿਗਦੇ ਢਹਿੰਦੇ ਨਸ ਜਾਣਗੇ। ਨਜੀਬੁਦੌਲਾ ਘੇਰੇ ਵਿਚੋਂ ਬਾਹਰ ਆ ਕੇ ਆਪ ਦੇ ਕਦਮਾਂ ਵਿਚ ਹਾਜ਼ਰ ਹੋ ਜਾਵੇਗਾ। ਫਿਰ ਉਸ ਵੇਲੇ ਹਜ਼ੂਰ ਦੀ ਜੋ ਸਲਾਹ ਹੋਵੇਗੀ, ਉਂਜ ਕਰਨਾ। ਮਨ ਕਰੇ ਤਾਂ ਅੱਗੇ ਨੂੰ ਤੁਰ ਪੈਣਾ, ਮਨ ਚਾਹੇ ਤਾਂ ਵਤਨ ਨੂੰ ਮੁੜ ਪੈਣਾ। ਜਿਸ ਤਰ੍ਹਾਂ ਵੀ ਹਜ਼ੂਰ ਚਾਹੁਣ, ਕਰਨ, ਅਸਾਂ ਤਾਂ ਹਜ਼ੂਰ ਦੇ ਹੁਕਮ ਦੀ ਪਾਲਣਾ ਕਰਨੀ ਹੈ।" ਬਸ ਫਿਰ ਬਲੋਚਾਂ ਦੇ ਖਾਨ ਦੀ ਸਲਾਹ ਨੂੰ ਸਾਰਿਆਂ ਨੇ ਪਸੰਦ ਕੀਤਾ ਤੇ ਅਗਲੇ ਦਿਨ ਲਾਹੌਰੋਂ ਕੂਚ ਕਰਨ ਦੀ ਤਿਆਰੀ ਹੋ ਗਈ।

ਅਜ਼ੀਂ ਜਾ ਬਾਵਦ ਮਸਲਹਤ ਰਫਤਨਤ। ਬ-ਦੁੰਬਾਲਿ ਸਗਹਾਏ ਪੁਰ ਸ਼ੈਤਨਤ।
ਕਸੇ ਗਰ ਅਜ਼ਾਂ ਕਾਫਰਾਨਿ ਗਦੰਗ। ਬਿਆਇਦ ਮਕਾਬਲ ਬਮੈਦਾਨਿ ਜੰਗ।
ਬ-ਇਕਬਾਲਿ ਤੂ ਗਰਦਦ ਆਂ ਸਗ ਤਬਾਹ। ਸ਼ਵਦ ਕੁਸ਼ਤਾ ਪਾ ਬਸਤਾ ਆਂ ਰੂ ਸਿਆਹ।
ਵਗਰਨਾ ਬ-ਸਰਹੰਦ ਚੰਦੀਂ ਦਰੰਗ। ਬਕੁਨ ਐ ਖ਼ੁਦਾਵੰਦ ਨਾਮੂਸ ਨੰਗ।
ਕਿ ਤਾ ਅਜ਼ ਨਜੀਬੋ ਜ਼ਿ ਦਿਹਲੀ ਖ਼ਬਰ। ਰਸਦ ਤਾ ਚਿਹ ਕਰਦੰਦ ਅਜ਼ ਖ਼ੈਰੋ ਸ਼ਰ।
ਬ-ਸਰਹੰਦ ਚੂੰ ਰਫ਼ਤ ਆਵਾਜ਼ ਅੱਤ। ਬ-ਦਿਹਲੀ ਰਵੱਦ ਐ ਫ਼ਲਕ ਮਰਤਬਤ।
ਫ਼ਤਦ ਲਰਜ਼ਾ ਦਰ ਕਾਫ਼ਰਾਨਿ ਲਈਨ। ਕਿ ਆਮਦ ਸ਼ਹਿਨਸ਼ਾਹਿ ਰੂਏ ਜ਼ਮੀਨ।
ਲਈਨਾਂ ਬ-ਹਰ ਸੂ ਗਰੇ ਜ਼ਾਂ ਸ਼ਵੰਦ। ਬ-ਹਰ ਜਾਨਬ ਉਫ਼ਤਾਂ ਵ ਖ਼ੇਜ਼ਾਂ ਸ਼ਵੰਦ।
ਜ਼ਿ ਮਹਿਸੂਰੀ ਆਇਦ ਬਰੂੰ ਹਮ ਨਜੀਬ। ਰਸਦ ਬਰ ਦਰਤ ਚੂੰ ਬਗੁਲ ਅੰਦਲੀਬ।



www.AKJ.Org

ਦਰ ਆਂ ਜਾ ਹਰ ਆਂਚਿਹ ਫ਼ਤਦ ਮਸਲਹਤ । ਹਮ ਅਜ਼ ਪੇਸ਼ ਰਫ਼ਤਨ ਹਮ ਅਜ਼ ਗਸ਼ਤਨਤ
ਬ-ਮੁਲਕੋ ਦਿਆਰਿ ਖ਼ੁਦਤ ਐ ਕਰੀਮ । ਬਕੁਨ ਹਰ ਚਿਹ ਖ਼ਾਹੀ ਕਿ ਫ਼ਰਮਾਂ ਬਰੇਮ ।
ਚੂੰ ਖ਼ਾਨਿ ਬਲੋਚ ਈਂ ਸੁਖ਼ਨ ਰਾ ਬਹਿ ਗੁਫ਼ਤ । ਪਸੰਦੀਦਾਹ ਸ਼ਾਹ ਚੂੰ ਗੁਲੇ ਬਰ ਸ਼ਗੁਫ਼ਤ ।

[ਸਫ਼ਾ ੧੧੨, ਸਤਰਾਂ ੧੭ ਤੋਂ ੨੪ ਤਕ, ਜੰਗਨਾਮਾ]

**ਨੋਟ** :—ਲਾਹੌਰ ਆ ਕੇ ਦਰਬਾਰ ਲਾ ਕੇ ਅਹਿਮਦ ਸ਼ਾਹ ਦਾ ਸਰਦਾਰਾਂ ਨੂੰ ਕਹਿਣਾ ਕਿ ਸਿਖ ਕਿਤੇ ਲਭਦੇ ਹੀ ਨਹੀਂ, ਇਕ ਹਾਸੋ-ਹੀਣੀ ਗੱਲ ਹੈ । ਅਹਿਮਦਸ਼ਾਹ ਸਿਖਾਂ ਦੇ ਖ਼ਿਲਾਫ਼ ਜਹਾਦ ਕਰਨ ਲਈ ਚੜ੍ਹ ਕੇ ਆਇਆ ਹੈ । ਉਸ ਨੂੰ ਆਉਣ ਤੋਂ ਪਹਿਲਾਂ ਨਜੀਬੁਦੌਲਾ ਦੀ ਸਹਾਇਤਾ ਲਈ ਅਰਜ਼ੀ ਵੀ ਮਿਲ ਚੁਕੀ ਹੈ ਕਿ ਉਸ ਨੂੰ ਸਿਖ ਤੇ ਜਵਾਹਰ ਸਿੰਘ ਜਾਟ ਭਰਤਪੁਰੀਏ ਦੀਆਂ ਫੌਜਾਂ ਦਿੱਲੀ ਵਿਚ ਘੇਰੀ ਬੈਠੀਆਂ ਹਨ । ਸਿੰਘ ਘੇਰੇ ਦੇ ਨਾਲ ਨਾਲ ਜਮਨਾ ਟੱਪ ਕੇ ਉਸ ਦੇ ਇਲਾਕੇ ਨੂੰ ਵੀ ਉਗਰਾਹੁੰਦੇ ਉਜਾੜਦੇ ਸਨ । ਇਨ੍ਹਾਂ ਦੇ ਖਿਲਾਫ਼ ਹੀ ਤਾਂ ਉਸ ਨੂੰ ਅਰਜ਼ੀ ਗਈ ਹੈ । ਫਿਰ ਉਸ ਦਾ ਇਹ ਕਹਿਣਾ ਕਿ ਸਿਖ ਕਿਧਰੇ ਹੱਥ ਆਉਂਦੇ ਹੀ ਨਹੀਂ, ਨਿਰਾ ਇਕ ਖੇਖਣ ਹੈ । ਕੀ ਉਸ ਨੂੰ ਪਤਾ ਨਹੀਂ ਕਿ ਉਹ ਦਿੱਲੀ ਨੂੰ ਘੇਰੀ ਬੈਠੇ ਹਨ ? ਪੰਜਾਬ ਵਿਚ ਉਸ ਵੇਲੇ ਬੜੀ ਥੋੜੀ ਗਿਣਤੀ ਸਿੰਘਾਂ ਦੀ ਸੀ, ਤਰੁਣਾ ਦਲ ਦਾ ਹੀ ਥੋੜਾ ਜਿਹਾ ਹਿੱਸਾ—ਜਿਵੇਂ ਕਿ ਸ: ਚੜ੍ਹਤ ਸਿੰਘ ਦੇ ਹੱਲੇ ਤੋਂ ਸਪੱਸ਼ਟ ਹੁੰਦਾ ਹੈ, ਪੰਜਾਬ ਵਿਚ ਮੌਜੂਦ ਸੀ । ਕਾਜ਼ੀ ਜੀ ਜੋ ਦੁਰਾਨੀਆਂ ਤੇ ਬਲੋਚਾਂ ਦੀ ਫੌਜੀ ਵਡਿਆਈ ਦਾ ਪੋਚਾ ਫੇਰਨ ਦੇ ਯਤਨ ਕਰ ਰਹੇ ਹਨ, ਉਸ ਦੇ "ਬਲੰਦ ਮਰਤਬਿਆਂ ਵਾਲੇ ਅਜਿਤ ਜਰਨੈਲ" ਉਸ ਨੂੰ ਆਪ ਹੀ ਉਧੇੜ ਖਰੋਚ ਰਹੇ ਹਨ । ਮਿਸਾਲ ਵਜੋਂ ਬਲੋਚ ਸਰਦਾਰ ਮੁਹੰਮਦ ਨਸੀਰ ਖਾਨ ਦੀ ਦਿੱਤੀ ਸਲਾਹ ਦਾ ਮਲਾਹਜ਼ਾ ਕਰੋ । ਖਾਨ ਸਾਹਿਬ ਫ਼ੁਰਮਾਉਂਦੇ ਹਨ :—ਵਗਰਨਾ ਬ-ਸਰਹੰਦ ਚੰਦੀ ਦਰੰਗ। ਬਕੁਨ ਐ ਖ਼ੁਦਾਵੰਦ ਨਾਮੂਸ ਨੰਗ। ਏਥੋਂ ਤੁਰੀਏ ਤੇ ਸਿਖਾਂ ਦੇ ਮਗਰ ਲੱਗ ਕੇ ਉਨ੍ਹਾਂ ਦਾ ਪਿੱਛਾ ਕਰੀ ਚਲੀਏ । ਤੇ ਸਰਹੰਦ ਜਾ ਕੇ ਏਨਾ ਕੁ ਚਿਰ ਰੁਕੀਏ ਕਿ ਜਿੰਨੇ ਚਿਰ ਵਿਚ ਦਿੱਲੀਓਂ ਨਜੀਬ ਨਾਲ ਜੋ ਭਲਾ ਬੁਰਾ ਵਾਪਰਿਆ ਹੈ,ਉਸ ਦੀ ਖਬਰ ਆ ਜਾਵੇ। ਜਦ ਪਾਤਸ਼ਾਹ ਦੇ ਆਉਣ ਦੀ ਸਰਹੰਦ ਖਬਰ ਅਪੜੂ ਤੇ ਇਹ ਏਥੋਂ ਦਿਲੀ ਵੀ ਅੱਪੜ ਜਾਊ ਤੇ "ਦੁਨੀਆ ਦੇ ਸ਼ਹਿਨਸ਼ਾਹ" ਦੇ ਆ ਪਹੁੰਚਣ ਦੀ ਖਬਰ ਸੁਣ ਕੇ ਕਾਫ਼ਰ ਸਿਖ ਐਧਰ ਓਧਰ ਭਜ ਜਾਣਗੇ ਤੇ ਨਜੀਬ ਘੇਰੇ ਵਿਚੋਂ ਨਿਕਲ ਕੇ ਸਰਹੰਦ ਵਿਖੇ ਪਾਤਸ਼ਾਹ ਦਿਆਂ ਕਦਮਾਂ ਵਿਚ ਹਾਜ਼ਰ ਹੋਵੇਗਾ ।

ਪਿਆਰੇ ਪਾਠਕ ਜੀ, ਜ਼ਰਾ ਗਹੁ ਨਾਲ ਵੇਖੋ ਇਸ ਕੀਮਤੀ ਰਾਏ ਨੂੰ ! ਕਹਿੰਦੇ ਹਨ ਕਿ ਲਾਹੌਰੋਂ ਤੁਰੀਏ ਤੇ ਸਿੰਘਾਂ ਦੇ ਪਿਛੇ ਲਗੀਏ ਤੇ ਸਰਹੰਦ ਚਲ ਕੇ ਰੁਕੀਏ । ਉਸ ਵੇਲੇ ਕੋਈ ਖਾਨ ਸਾਹਿਬ ਨੂੰ ਪੁਛਦਾ ਕਿ ਕਿਉਂ ਜਨਾਬ, ਸਿੰਘ ਸਰਹੰਦ ਵਲ ਨੂੰ ਸੈਰ ਕਰਨ ਗਏ ਸਨ ? ਐਮਨਾਬਾਦੋਂ ਲਾਹੌਰ ਪਹੁੰਚ ਕੇ ਜਦ ਅਹਿਮਦਸ਼ਾਹ ਨੇ ਦਰਬਾਰ ਲਾਇਆਂ ਸੀ ਕਿ ਸਿੰਘਾਂ ਨਾਲ ਕਿਸ ਬਿਧ ਨਿਪਟਿਆ ਜਾਵੇ ਤਾਂ ਓਦੋਂ ਵੀ ਉਸ ਨੂੰ ਉਨ੍ਹਾਂ ਦੇ ਮਗਰ ਪੈਣ ਦੀ ਸਲਾਹ ਦਿਤੀ ਸੀ । ਅਹਿਮਦਸ਼ਾਹ ਨੂੰ ਨਜੀਬ ਦੇ ਘੇਰੇ, ਘੇਰਾ ਪਾਉਣ ਵਾਲਿਆਂ ਤੇ ਕਿਹੜੀ ਜਗ੍ਹਾ ਘਰਾ ਪਾਇਆ ਹੋਇਆ ਹੈ, ਦਾ ਪਤਾ ਸੀ । ਓਦੋਂ ਇਹ ਕਿਹਾ ਸੀ ਕਿ ਸਿੰਘ ਲਖੀ ਜੰਗਲ ਵਿਚ ਹਨ,ਜੇ ਓਧਰ ਗਏ ਤਾਂ ਫੌਜ ਰਸਦ ਖਾਣੀ ਤੇ ਘਾਹ-ਪਠੇ ਖੁਣੋਂ ਤਬਾਹ ਹੋ ਜਾਵੇਗੀ। ਇਥੋਂ ਸਾਫ ਜ਼ਾਹਿਰ ਹੁੰਦਾ ਹੈ ਕਿ "ਦੁਨੀਆ ਦਾ ਸ਼ਹਿਨਸ਼ਾਹ", ਮੁਸਲਮਾਨਾਂ ਦਾ "ਧਰਮ ਰਖਿਅਕ ਗਾਜ਼ੀ ਪਾਤਸ਼ਾਹ" ਜ਼ਬਾਨੀ-ਕਲਾਮੀ—ਜਲੋ ਬਣਾ ਰਿਹਾ ਹੈ । ਸਿੰਘਾਂ ਨਾਲ ਮਿਥ ਕੇ ਉਲਝਣਾ ਨਹੀਂ ਚਾਹੁੰਦਾ। ਉਹ ਦਿੱਲੀ ਜਾਣੋਂ ਕਤਰਾਉਂਦਾ ਹੈ । ਕਿਉਂ ? ਕਾਰਨ ਸਪੱਸ਼ਟ ਹੈ ।

ਜੇ ਸਿੰਘਾਂ ਦੇ ਪਿਛੇ ਹੀ ਲੱਗਣਾ ਸੀ ਤਾਂ ਸ੍ਰੀ ਅੰਮ੍ਰਿਤਸਰ ਲਾਹੌਰੋ ਚੋਥੇ ਦਿਨ ਕਿਉਂ ਅੱਪੜੇ ? ਫਿਰ ਕੋਈ ਦਸੇ ਕਿ ਸਿੰਘ ਲਾਹੌਰੋਂ ਹਟ ਕੇ ਸ੍ਰੀ ਅੰਮ੍ਰਿਤਸਰ ਨੂੰ ਜੋ ਆ ਗਏ ਸਨ,ਕੀ ਉਹ ਉਥੋਂ ਸਰਹੰਦ ਵਲ ਨੂੰ ਹੀ ਗਏ ਸਨ ? ਤੇ ਫੇਰ ਜਿਹੜੇ ਰਾਹੇ ਅਹਿਮਦਸ਼ਾਹ ਸਰਹੰਦ ਨੂੰ ਗਿਆ,ਕੀ ਲਾਹੌਰੋਂ ਸਰਹੰਦ ਨੂੰ ਰਾਹ ਇਹੋ



www.AKJ.Org

ਹੀ ਜਾਂਦਾ ਸੀ ? ਅਸਲ ਗੱਲ ਇਹ ਹੈ ਕਿ "ਦੁਨੀਆ ਦਾ ਸ਼ਹਿਨਸ਼ਾਹ" ਖ਼ਤਰੇ ਵਾਲੇ ਰਸਤੇ ਹੀ ਨਹੀਂ ਪੈਣਾ ਚਾਹੁੰਦਾ। ਇਹ ਰਾਹ ਗੋਇੰਦਵਾਲ ਤੇ ਤਲਵਨ ਦੇ ਪਤਣਾਂ ਥਾਣੀਂ ਹੋ ਕੇ ਜਾਂਦਾ ਸੀ। ਅਹਿਮਦਸ਼ਾਹ ਨੂੰ ਚੇਤਾ ਨਹੀਂ ਸੀ ਭੁਲਾ ਕਿ ਗੋਇੰਦਵਾਲ ਦੇ ਪਤਣ ਤੇ ਦੋ ਸਾਲ ਪਹਿਲਾਂ ਉਸ ਦਾ ਕਿਹੋ ਜਿਹਾ ਸਵਾਗਤ ਹੋਇਆ ਸੀ। ਇਹ ਰਾਹ ਉਸ ਨੇ ਜਾਣ ਬੁਝ ਕੇ ਛਡਿਆ ਹੈ। ਅਗਲੀ ਗੱਲ ਏਦੂੰ ਵੀ ਮਾਅਰਕੇ ਦੀ ਹੈ। ਸਰਹੰਦ ਚਲ ਕੇ ਏਨਾ ਕੁ ਚਿਰ ਰੁਕੀਏ ਕਿ ਦਿਲੀਓਂ ਨਜੀਬ ਬਾਰੇ ਖਬਰਾਂ ਆ ਜਾਣ। ਨਾਲ ਹੀ ਪਾਤਸ਼ਾਹ ਦੇ ਆ ਜਾਣ ਦੀ ਖਬਰ ਸਰਹੰਦੋਂ ਦਿੱਲੀ ਅੱਪੜ ਜਾਵੇਗੀ ਤੇ ਨਜੀਬ ਨੂੰ ਜੋ ਭ੍ਰਿਸ਼ਟੇ ਹੋਏ ਕਾਫਰ (ਸਿੱਖ) ਘੇਰੀ ਬੈਠੇ ਹਨ, ਸੁਣ-ਦਿਆਂ ਹੀ ਐਧਰ ਓਧਰ ਨੱਸ ਜਾਣਗੇ। ਕਿੱਡੀ ਬੇ-ਸਿਰ ਪੈਰ ਦੀ ਗੱਲ ਹੈ। ਇਹੋ ਜਿਹੀਆਂ ਸਲਾਹਾਂ ਤਾਂ ਭੰਗੀਆਂ, ਪੋਸਤੀਆਂ ਜਾਂ ਅਫੀਮੀਆਂ ਨੂੰ ਸੋਂਹਦੀਆਂ ਹਨ। ਨਜੀਬ ਦੀ ਸਹਾਇਤਾ ਤਲਵਾਰਾਂ ਨਾਲ ਕਰਨ ਦੀ ਬਜਾਏ ਆਪਣੇ 'ਨਾਂ' ਦੇ ਡਰ ਨਾਲ ਸਹਾਇਤਾ ਕਰਨਾ ਚਾਹੁੰਦੇ ਹਨ। ਭਲਾ ਜੇ ਹੌਸਲਾ ਹੁੰਦਾ ਤਾਂ ਸਰਹੰਦ ਦਿਲੀਓਂ ਕਿਨੀ ਕੁ ਦੂਰ ਹੈ। ਵੱਡੇ ਘਲੂਘਾਰੇ ਸਮੇਂ ਜਿਸ ਫੁਰਤੀ ਨਾਲ ਲਾਹੌਰੋਂ ਕੁਪਰਹੀੜੇ ਆਣ ਪਿਆ ਸੀ, ਉਂਜ ਹੀ ਸਰਹੰਦ ਅਟਕਣ ਦੀ ਬਜਾਏ ਧਾ ਕੇ ਦਿੱਲੀ ਅੱਪੜ ਕੇ ਸਿੰਘਾਂ ਉਤੇ ਅਚਨਚੇਤ ਹੀ ਜਾ ਪੈਂਦੇ। ਅੰਦਰੋਂ ਨਜੀਬ ਪੈਂਦਾ ਬਾਹਰੋਂ ਦੁਰਾਨੀ ਤੇ ਬਲੋਚ ਲਸ਼ਕਰ ਪੈਂਦਾ, ਸਿਖ ਵਿਚਕਾਰ ਆ ਜਾਂਦੇ, ਤੇ ਗੱਲ ਤਲਵਾਰੀਂ ਨਿਬੜ ਜਾਂਦੀ ਅਤੇ ਕਿਸੇ ਪਾਸੇ ਲੱਗ ਜਾਂਦੀ। ਪਰ ਹੋਇਆ ਕੱਖ ਵੀ ਨਾ ! ਤੇ ਕਰਦਾ ਵੀ ਕੌਣ !! ਇਹ ਚੰਗਾ ਤਰੀਕਾ ਹੈ ਦੁਸ਼ਮਣ ਦਾ ਪਿਛਾ ਕਰਨ ਦਾ ਕਿ ਜਿਥੇ ਦੁਸ਼ਮਣ ਦਿਸੇ ਕਿ ਬੈਠਾ ਹੈ ਉਧਰ ਨੂੰ ਜਾਇਆ ਹੀ ਨਾ ਜਾਵੇ, ਤੇ ਹੋਰ ਹੋਰ ਪਾਸੇ ਹੀ ਸਮਾਂ ਖਰਾਬ ਕੀਤਾ ਜਾਵੇ ਤੇ ਵੈਰੀ ਨਾਲ ਜੂਝਣ ਦੀ ਬਜਾਏ ਆਪ ਸ਼ਿਕਾਰ ਖੇਡਦਾ ਫਿਰੇ। ਇਨ੍ਹਾਂ ਤਥਾਂ ਦੀ ਰੌਸ਼ਨੀ ਵਿਚ ਸੂਝਵਾਨ ਪਾਠਕ ਆਪ ਫੈਸਲਾ ਕਰ ਲੈਣ ਕਿ ਸਿਖਾਂ ਦੀ ਜੜ੍ਹ ਮੇਖ ਪੁੱਟਣ ਆਇਆ "ਸਿਕੰਦਰ ਸਾਨੀ" ਕਿਵੇਂ ਸਿੱਖ ਤੋਂ ਸ਼ਹਿੰਦਾ ਫਿਰਦਾ ਹੈ। ਕਾਜ਼ੀ ਜੀ ਦਾ ਜ਼ੋਰ ਲਾ ਕੇ ਇਨ੍ਹਾਂ ਨੂੰ ਬੜੇ ਬਹਾਦਰ ਤੇ ਗਾਜ਼ੀ ਬਣਾਈ ਜਾਣਾ ਵੀ ਸੱਚ ਦੀ ਮਿੱਟੀ ਪਲੀਤ ਕਰਨ ਬਰਾਬਰ ਹੈ। "ਦੁਨੀਆ ਦਾ ਸ਼ਹਿਸ਼ਾਹ" ਤੇ ਉਸ ਦੀ ਦੁਰਾਨੀ ਤੇ ਬਲੋਚ ਫੌਜ ਕਿਉਂ ਨਹੀਂ ਸਿਰ ਤਲੀ ਉਤੇ ਧਰ ਕੇ ਸਿਖਾਂ ਦੇ ਗਲ ਪਈ, ਜਾਂਦੇ ਸਰਹੰਦ ਵੀ ਫਿਰ ਕਿਉਂ ਨਹੀਂ ਗਏ ? ਦਿੱਲੀ ਲਾਗੇ ਜਾ ਕੇ ਵੀ ਦਿੱਲੀ ਨਹੀਂ ਅੱਪੜੇ, ਇਸ ਬਾਰੇ ਅਹਿਮਦ ਸ਼ਾਹ ਜਾਣਦਾ ਹੈ ਜਾਂ ਉਸ ਦਾ ਅੱਲਾ ਮੀਆਂ।

ਉਂਜ ਤਾਂ ਪਹਿਲਾਂ ਵੀ ਜ਼ਿਕਰ ਆ ਚੁਕਿਆ ਹੈ, ਪਰ ਪਾਠਕਾਂ ਦੀ ਸਹਾਇਤਾ ਲਈ ਇਕ ਵਾਰ ਫਿਰ ਸੰਖੇਪ ਜਿਹੇ ਇਸ਼ਾਰੇ ਕਰ ਦੇਂਦਾ ਹਾਂ, ਤਾਕਿ ਉਸ ਵੇਲੇ ਦਿੱਲੀ ਦੁਵਾਲੇ ਕੀ ਹੋ ਰਿਹਾ ਸੀ ਤੇ ਖਾਲਸਾ ਜੀ ਓਥੇ ਕੀ ਕਰ ਰਹੇ ਸਨ।

ਭਰਤ ਪੁਰੀਆ ਸੂਰਜ ਮਲ ਜਾਟ ਖਾਲਸਾ ਜੀ ਨੂੰ ਆਪਣਾ ਬੜਾ ਵੱਡਾ ਆਸਰਾ ਸਮਝਦਾ ਸੀ। ਖਾਲਸਾ ਜੀ ਨਾਲ ਢੋਹ ਪੱਕੀ ਕਰਨ ਲਈ ਉਸ ਨੇ ਸੋਚਿਆ ਕਿ ਉਸ ਦੇ ਤੇ ਖਾਲਸਾ ਜੀ ਦੇ ਵਿਚਕਾਰ ਜੋ ਮੁਸਲਮਾਨੀ ਇਲਾਕਾ ਹੈ, ਉਸ ਨੂੰ ਖ਼ਤਮ ਕਰ ਦਿਤਾ ਜਾਵੇ। ਇਸ ਨੀਤੀ ਦੇ ਤਹਿਤ ਉਸ ਨੇ ਰਿਵਾੜੀ, ਗੜ੍ਹ ਹਰਸਰੋ ਤੇ ਰੁਹਤਕ ਉਤੇ ਕਬਜ਼ਾ ਕਰ ਲਿਆ। ਫਿਰ ਫੌਜ ਚਾੜ੍ਹ ਕੇ ਫ਼ਰਖ ਨਗਰ ਨੂੰ ਜਾ ਘੇਰਿਆ। ਇਹ ਘੇਰਾ ਦੋ ਮਹੀਨੇ ਰਿਹਾ। ਅੰਤ ਵਿਚ ਮੁਸਵੀ ਖਾਨ ਹਾਰ ਗਿਆ ਤੇ ਫ਼ਰਖ ਨਗਰ ਵੀ ਸੂਰਜ ਮੱਲ ਦੇ ਕਬਜ਼ੇ ਵਿਚ ਆ ਗਿਆ।

ਹੁਣ ਸੂਰਜ ਮੱਲ ਦੀ ਅੱਖ ਬਹਾਦਰ ਗੜ੍ਹ ਉਤੇ ਸੀ। ਉਹ ਫੌਜ ਲੈ ਕੇ ਓਧਰ ਨੂੰ ਵਧਿਆ। ਇਸ ਵੇਲੇ ਸੂਰਜ ਮੱਲ ਦਾ ਛੋਟਾ ਪੁਤਰ ਨਾਹਰ ਸਿੰਘ, ਬਲਰਾਮ ਤੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਗੰਗ ਦਵਾਬ ਵਿਚ ਲੁਟ-ਮਾਰ ਕਰ ਰਿਹਾ ਸੀ। ਸੂਰਜ ਮੱਲ ਨੇ ਜਦ ਮੁਸਵੀ ਖ਼ਾਨ ਨੂੰ ਫ਼ਰਖ ਨਗਰ ਵਿਚ ਘੇਰਿਆ ਹੋਇਆ ਸੀ ਤਾਂ ਨਜੀਬ ਫ਼ਰਖ ਨਗਰ ਦੀ ਸਹਾਇਤਾ ਲਈ ਫੌਜ ਲੈ ਕੇ ਆ ਰਿਹਾ ਸੀ ਕਿ ਉਸ ਦੇ ਫਤਹ ਹੋ ਜਾਣ ਦੀ ਖਬਰ ਉਸ ਨੂੰ ਰਾਹ ਵਿਚ ਹੀ ਮਿਲ ਗਈ ਤੇ ਨਜੀਬ ਓਥੇ ਹੀ ਖੜੋ ਗਿਆ। ਨਜੀਬ ਨੇ ਜਾਚਿਆ ਕਿ



www.AKJ.Org

ਹਾਲਾਤ ਉਸ ਦੇ ਮੁਆਫ਼ਕ ਨਹੀਂ ਹਨ। ਉਸ ਨੇ ਅਹਿਮਦ ਸ਼ਾਹ ਦੇ ਵਜ਼ੀਰ ਸ਼ਾਹ ਵਲੀ ਖਾਂ ਦੇ ਭਰਾ ਯਕੂਬ ਅਲੀ ਖਾਂ ਨੂੰ ਵਕੀਲ ਬਣਾ ਕੇ ਤੋਰਿਆ ਕਿ ਆਪੋ ਵਿਚ ਸੁਲਾਹ ਹੋ ਜਾਵੇ। ਸੂਰਜ ਮਲ ਨੇ ਨਾਂਹ ਕਰ ਦਿਤੀ।

ਸੂਰਜ ਮੱਲ ਹੁਣ ਦਿਲੀ ਵਲ ਨੂੰ ਵਧਿਆ। ਦਿਲੀਓਂ ਅੱਗੇ ਸੱਤ ਕੋਹ ਦੀ ਵਿੱਥ ਉਤੇ ਉਸ ਤੇ ਨਜੀਬੁੱਦੌਲਾ ਦੀਆਂ ਫੌਜਾਂ ਵਿਚ ਟਾਕਰਾ ਹੋਇਆ। ਬੜੀ ਘਮਸਾਨ ਦੀ ਲੜਾਈ ਹੋਈ, ਜਿਸ ਵਿਚ ਸੂਰਜ ਮੱਲ ਮਾਰਿਆ ਗਿਆ। ਇਹ ਘਟਨਾ ਪੋਹ ਸੰਮਤ ੧੮੨੦ ਬਿਕ੍ਰਮੀ ਦੀ ਹੈ। ਇਸ ਤੋਂ ਕੁਝ ਹੀ ਦਿਨ ਮਗਰੋਂ ਖਾਲਸਾ ਜੀ ਨੇ ਸਰਹੰਦ ਉਤੇ ਚੜ੍ਹਾਈ ਕਰ ਕੇ ਜ਼ੈਨ ਖਾਨ ਨੂੰ ਬਾਹਰ ਹੀ ਘੇਰ ਕੇ ਸੋਧਾ ਦਿਤਾ ਤੇ ਸਰਹੰਦ ਉਤੇ ਕਬਜ਼ਾ ਕਰ ਕੇ ਉਸ ਨੂੰ ਸਾੜ ਫੂਕ ਦਿਤਾ। ਸਰਹੰਦ ਦੀ ਸੁਧਾਈ ਪਿਛੋਂ ਛੇਤੀ ਹੀ ਸਿੰਘ ਜਮਨਾ ਟੱਪ ਪਏ ਤੇ ਨਜੀਬੁਦੌਲਾ ਦੇ ਗੰਗ ਦੁਵਾਬ ਦੇ ਇਲਾਕੇ ਨੂੰ ਜਾ ਸੋਧਿਆ ਤੇ ਸੱਯਦਾਂ ਦੇ ਬਾਹਰੇ ਨੂੰ ਚੰਗੀ ਤਰ੍ਹਾਂ ਮਾਂਜ ਸੁਟਿਆ।

ਸੂਰਜ ਮੱਲ ਦੇ ਵੱਡੇ ਪੁਤਰ ਜਵਾਹਰ ਸਿੰਘ ਨੇ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣ ਲਈ ਇਕ ਤਕੜੀ ਫੌਜ ਇਕੱਠੀ ਕਰ ਲਈ। ਖਾਲਸਾ ਜੀ ਤੇ ਮਰਹੱਟਾ ਆਗੂ ਮਲਹਾਰ ਰਾਉ ਹੁਲਕਰ ਨੂੰ ਆਪਣੀ ਸਹਾਇਤਾ ਲਈ ਸੱਦਿਆ। ਇਸ ਵਿਚ ਜਵਾਹਰ ਸਿੰਘ ਦੀ ਆਪਣੀ ਸੱਠ ਹਜ਼ਾਰ ਫੌਜ ਤੇ ਸੌ ਤੋਪਾਂ ਸਨ। ੨੫ ਹਜ਼ਾਰ ਹੁਲਕਰ ਦੀ ਫੌਜ ਤੇ ੧੫ ਹਜ਼ਾਰ ਖਾਲਸਾ ਜੀ ਸਨ। ਇਸ ਫੌਜ ਨੇ ਕਤਕ ਸੰਮਤ ੧੮੨੧ ਬਿਕ੍ਰਮੀ (ਮੁਤਾਬਕ ੧੭੬੪ ਈ:) ਨੂੰ ਦਿਲੀ ਨੂੰ ਜਾ ਘੇਰਾ ਪਾਇਆ। ਦਿਲੀ ਦੇ ਘੇਰੇ ਸਮੇਂ ਵਖ ਵਖ ਫੌਜਾਂ ਇਸ ਪ੍ਰਕਾਰ ਬੈਠੀਆਂ ਸਨ—ਮਰਹੱਟੇ ਦਿਲੀ ਦੇ ਉੱਤਰ ਵੱਲ, ਖਾਲਸਾ ਜੀ ਉੱਤਰ ਪੱਛਮ ਵਲ ਤੇ ਜਵਾਹਰ ਸਿੰਘ ਦਿਲੀ ਤੇ ਅਜਮੇਰੀ ਦਰਵਾਜ਼ਿਆਂ ਦੇ ਸਾਹਮਣੇ ਪਏ ਸਨ। ਅਰੰਭ ਮਘਰ ਵਿਚ ਨਜੀਬ ਨਾਲ ਦਿਲੀਓਂ ਬਾਹਰ ਲੜਾਈ ਹੋਈ, ਜਿਸ ਵਿਚ ਨਜੀਬ ਹਾਰ ਗਿਆ। ਅਗਲੇ ਦਿਨ ਜਾਟ ਅਗੇ ਵਧੇ ਤੇ ਉਨ੍ਹਾਂ ਸ਼ਾਹਦਰਾ ਲੁਟ ਲਿਆ ਤੇ ਤੋਪਾਂ ਅਗੇ ਕਰ ਕੇ ਬੀੜ ਦਿਤੀਆਂ। ਇਸ ਤੋਂ ਅਗਲੇਰੇ ਦਿਨ ਪਠਾਣ ਬਰੇਤੀ ਛਡ ਗਏ ਤੇ ਮੁਕਾਬਲੇ ਦੀ ਤਾਬ ਨਾ ਲਿਆਉਂਦੇ ਹੋਏ ਸ਼ਹਿਰ ਵਿਚ ਜਾ ਵੜੇ ਤੇ ਦਰਵਾਜ਼ੇ ਬੰਦ ਕਰ ਲਏ।

ਨਜੀਬ ਦਾ ਚੰਗੀ ਤਰ੍ਹਾਂ ਬਣਾ ਕੇ ਸਾਹ ਬੰਦ ਕਰਨ ਲਈ ਮਘਰ ਵਿਚ ਹੀ ਖਾਲਸਾ ਜੀ ਦਾ ਇਕ ਹੋਰ ਜਥਾ ਜਮਨਾ ਟੱਪ ਕੇ ਨਜੀਬ ਦੇ ਗੰਗ ਦਵਾਬ ਦੇ ਇਲਾਕੇ ਉਤੇ ਆਣ ਪਿਆ। ਇਸ ਜਥੇ ਨੇ ਸਭ ਤੋਂ ਪਹਿਲਾਂ ਦਿਉਬੰਦ ਨੂੰ ਸੋਧਿਆ, ਤੇ ਮਗਰੋਂ ਸੱਯਦਾਂ ਦੇ ਬਾਹਰੇ ਦੀ ਵਾਰੀ ਆਈ। ਫਿਰ ਇਹ ਜਥਾ ਗੰਗਾ ਟੱਪ ਕੇ ਤਾਗਿਆਂ ਦੇ ਨੌਹਰੇਟ ਉਤੇ ਕੜਕਿਆ ਤੇ ਇਸ ਦੀ ਚੰਗੀ ਸੁਧਾਈ ਕੀਤੀ। ਰੁਹੇਲੇ, ਜਿਨ੍ਹਾਂ ਦੇ ਜ਼ਿੰਮੇ ਨਜੀਬ ਵਲੋਂ ਉਸ ਦੇ ਇਲਾਕਿਆਂ ਦੀ ਰਾਖੀ ਸੀ, ਤਿੰਨ ਵਾਰ ਬੜੇ ਧੂਮ ਧੜੱਕੇ ਨਾਲ ਖਾਲਸਾ ਜੀ ਨਾਲ ਟੱਕਰੇ। ਇਨ੍ਹਾਂ ਤੋਂ ਕੁਝ ਨਾ ਸਰਿਆ ਤੇ ਤਿੰਨੇ ਵਾਰ ਬੁਰੀ ਤਰ੍ਹਾਂ ਹਾਰੇ।

ਦਿਲੀ ਦੇ ਘੇਰੇ ਨੂੰ ਢਾਈ ਮਹੀਨੇ ਹੋ ਗਏ ਸਨ ਤੇ ਨਜੀਬ ਅੰਦਰ ਹੀ ਰਿਹਾ। ਮਾਘ ਦੇ ਪਿਛਲੇ ਪਖ ਵਿਚ ਹੌਸਲਾ ਕਰ ਕੇ ਬਾਹਰ ਆਇਆ। ਉਸ ਦਾ ਖਿਆਲ ਸੀ ਕਿ ਅਹਿਮਦ ਸ਼ਾਹ ਦੇ ਆਉਣ ਦੀ ਖਬਰ ਸੁਣ ਕੇ ਵੈਰੀ ਦਿਲ ਛਡ ਜਾਣਗੇ ਤੇ ਉਹ ਕੁਝ ਨਾ ਕੁਝ ਸਵਾਰ ਸਕੇਗਾ। ਇਹ ਲੜਾਈ ਸਬਜ਼ੀ ਮੰਡੀ ਤੇ ਨਖਾਸ ਦੇ ਪਾਸ ਇਕ ਟਿਲੇ ਉਤੇ ਹੋਈ। ਖਾਲਸਾ ਜੀ ਤੇ ਜਾਟਾਂ ਦੇ ਮੋਰਚੇ ਏਸੇ ਪਾਸੇ ਸਨ। ਪਠਾਣਾਂ ਨੇ ਜ਼ੋਰ ਤਾਂ ਬੜਾ ਮਾਰਿਆ, ਪਰ ਹਾਰ ਖਾ ਕੇ ਫਿਰ ਪਿਛਾਂਹ ਹਟ ਗਏ।

ਜਵਾਹਰ ਸਿੰਘ ਨੇ ਜੋ ਤਿਆਰੀ ਕੀਤੀ ਸੀ, ਉਸ ਦੇ ਮੁਕਾਬਲੇ ਵਿਚ ਨਜੀਬੁ-ਦੌਲਾ ਆਪਣੇ ਆਪ ਨੂੰ ਅਸਮ੍ਰਥ ਸਮਝਦਾ ਸੀ, ਏਸੇ ਲਈ ਉਸ ਨੇ ਅਹਿਮਦ ਸ਼ਾਹ ਤੋਂ ਸਹਾਇਤਾ ਮੰਗੀ ਸੀ। ਦੂਜੇ ਪਾਸੇ ਉਸ ਦਾ ਪੰਜਾਬ ਤੇ ਮੁਲਤਾਨ ਦਾ ਇਲਾਕਾ ਖਾਲਸਾ ਜੀ ਨੇ ਕਬਜ਼ੇ ਵਿਚ ਕਰ ਲਿਆ ਸੀ। ਉਸ ਨੇ ਹਰ ਹਾਲਤ ਵਿਚ ਆਉਣਾ ਹੀ ਸੀ। ਉਹ ਸਮਝਦਾ ਸੀ ਕਿ ਉਸ ਦੇ ਆਉਣ ਦੀ ਖਬਰ ਨਾਲ ਹੀ ਵੈਰੀ ਨਜੀਬ ਦੀ ਖਲਾਸੀ


www.AKJ.Org

ਕਰ ਦੇਣਗੇ। ਅਹਿਮਦ ਸ਼ਾਹ ਚੜ੍ਹਿਆ, ਤੇ ਮੱਘਰ ਵਿਚ ਲਾਹੌਰ ਆਣ ਪੁਜਾ। ਉਸ ਵੇਲੇ ਬੁਢਾ ਦਲ ਦਿਲੀ ਦੇ ਸਾਮ੍ਹਣੇ ਪਿਆ ਸੀ। ਕੁਝ ਕੁ ਮਿਸਲਾਂ ਦੇ ਬਾਕੀ ਜਵਾਨ ਗੰਗ ਦਵਾਬ ਦੀ ਸੋਧ-ਸਫਾਈ ਕਰ ਰਹੇ ਸਨ। ਨਜੀਬ ਨੂੰ ਖਬਰ ਮਿਲੀ ਕਿ ਹੁਣ ਅਹਿਮਦਸ਼ਾਹ ਆ ਗਿਆ ਹੈ। ਉਹ ਸਮਝਣ ਲਗਾ ਕਿ ਉਸ ਦੀ ਬੰਦ-ਖਲਾਸੀ ਹੋ ਜਾਵੇਗੀ। ਪਰ ਅਹਿਮਦਸ਼ਾਹ ਸਿਖਾਂ ਨੂੰ ਪਿਛੇ ਛਡ ਕੇ ਨਜ਼ੀਬੁ-ਦੌਲਾ ਦੀ ਸਹਾਇਤਾ ਲਈ ਅਗੇ ਨਹੀਂ ਸੀ ਵਧਣਾ ਚਾਹੁੰਦਾ। ਉਹ ਸਿਰਫ ਆਪਣੇ ਰੁਅਬ ਤੇ ਦਬਦਬੇ ਨਾਲ ਹੀ ਨਜੀਬ ਦੀ ਸਹਾਇਤਾ ਕਰਨਾ ਚਾਹੁੰਦਾ ਸੀ। ਏਸੇ ਲਈ ਹੀ ਉਹ ਹੌਲੀ ਹੌਲੀ ਸੈਰ-ਸਪਾਟਾ ਕਰਦਾ ਤੁਰਿਆ ਜਾਂਦਾ ਸੀ। ਨਜੀਬ ਇਸ ਸਹਾਇਤਾ ਦੀ ਆਸ ਤੇ ਉਸ ਨੂੰ ਢਾਈ ਮਹੀਨੇ ਉਡੀਕਦਾ ਰਿਹਾ ਤੇ ਜਦ ਅਹਿਮਦਸ਼ਾਹ ਆ ਕੇ ਅੰਬਾਲੇ ਦੇ ਗਿਰਦ ਹੀ ਘੁੰਮਦਾ ਰਿਹਾ ਤਾਂ ਉਸ ਨੇ ਮਾਘ ਵਿਚ ਇਹ ਸਬਜ਼ੀ ਮੰਡੀ ਵਾਲੀ ਲੜਾਈ ਕੀਤੀ ਤੇ ਹਾਰ ਖਾ ਕੇ ਵਾਪਸ ਸ਼ਹਿਰ ਵਿਚ ਜਾ ਵੜਿਆ। ਸ਼ਹਿਰ ਦੇ ਘੇਰੇ ਨੇ ਵਸੋਂ ਦਾ ਬੁਰਾ ਹਾਲ ਕਰ ਛਡਿਆ ਸੀ। ਬਾਹਰੋਂ ਹਰ ਤਰ੍ਹਾਂ ਦੀ ਰਸਦ ਬੰਦ ਸੀ। ਲੋਕ ਭੁਖ ਹੱਥੋਂ ਆਤਰ ਹੋ ਕੇ ਸ਼ਹਿਰ ਛਡ ਕੇ ਜਵਾਹਰ ਸਿੰਘ ਦੀ ਪਨਾਹ ਵਿਚ ਆਣ ਬੈਠੇ। ਉਧਰ ਨਜੀਬੁ-ਦੌਲਾ ਵੀ ਸ਼ਹਿਰ ਛਡ ਕੇ ਕਿਲ੍ਹੇ ਵਿਚ ਜਾ ਵੜਿਆ।

ਅਹਿਮਦ ਸ਼ਾਹ ਦੇ ਆਉਣ ਦੀ ਖਬਰ ਨਾਲ ਮਰਹੱਟੇ ਥਰ ਥਰ ਕੰਬ ਰਹੇ ਸਨ। ਹੁਲਕਰ ਜਵਾਹਰ ਸਿੰਘ ਤੇ ਨਜੀਬ ਵਿਚਕਾਰ ਸੁਲਾਹ ਕਰਾਉਣ ਲਈ ਉਸ ਵੇਲੇ ਤੋਂ ਹੀ ਜ਼ੋਰ ਲਾ ਰਿਹਾ ਸੀ ਜਦ ਕਿ ਅਹਿਮਦ ਸ਼ਾਹ ਅਜੇ ਲਾਹੌਰ ਪਾਸ ਹੀ ਸੀ। ਖਾਲਸਾ ਜੀ ਅਹਿਮਦ ਸ਼ਾਹ ਨੂੰ ਕੁਝ ਨਹੀਂ ਸਨ ਸਮਝਦੇ। ਇਨ੍ਹਾਂ ਦੇ ਹੌਸਲਾ ਦੇਣ ਕਰ ਕੇ ਜਵਾਹਰ ਸਿੰਘ ਨਜੀਬ ਨਾਲ ਸੁਲਾਹ ਕਰਨੀ ਨਹੀਂ ਸੀ ਚਾਹੁੰਦਾ, ਪਰ ਹੁਲਕਰ ਦੀ ਡਰ ਨਾਲ ਜਾਨ ਨਿਕਲਦੀ ਜਾ ਰਹੀ ਸੀ। ਉਸ ਨੇ ਖਾਲਸਾ ਜੀ ਤੋਂ ਪਰਦਾ ਰਖ ਕੇ ਬੜੇ ਮਕਰ ਤੇ ਫਰੇਬ ਨਾਲ ਜਵਾਹਰ ਸਿੰਘ ਤੇ ਨਜੀਬ ਵਿਚਕਾਰ ਸਬਜ਼ੀ ਮੰਡੀ ਦੀ ਲੜਾਈ ਤੋਂ ਅਗਲੇ ਦਿਨ ਹੀ ਸੁਲਾਹ ਕਰਾ ਦਿਤੀ ਤੇ ਆਪ ਆਪਣਾ ਲਾਮ-ਲਸ਼ਕਰ ਲੈ ਕੇ ਆਪਣੇ ਮੁਲਕ ਨੂੰ ਪਤਰਾ ਵਾਚ ਗਿਆ। ਹੁਲਕਰ ਨੇ ਨਜੀਬ ਦੀ ਖ਼ਾਤਰ ਜਵਾਹਰ ਸਿੰਘ ਨਾਲ ਬੜਾ ਭਾਰਾ ਦਗਾ ਕੀਤਾ ਸੀ। ਇਸ ਦਗੇ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਹੀ ਬਦਲ ਕੇ ਰਖ ਦਿਤਾ। ਹੁਲਕਰ ਦੀ ਜਿਤਨੀ ਰਕਮ ਜਵਾਹਰ ਸਿੰਘ ਵਲ ਰਹਿੰਦੀ ਸੀ, ਉਸ ਨੇ ਇਹ ਦਗਾ ਦੇਣ ਦੇ ਕਾਰਨ ਉਸ ਨੂੰ ਨਾ ਦਿਤੀ।

ਖਾਲਸਾ ਜੀ ਦਾ ਹੁਣ ਦਿੱਲੀ ਦੇ ਗਿਰਦ ਕੋਈ ਕੰਮ ਨਹੀਂ ਸੀ। ਉਨ੍ਹਾਂ ਗੁਰਮਤਾ ਕਰ ਕੇ ਕਿ ਜ਼ਰਾ ਹੁਣ "ਕਾਬਲੀ ਬਿਲੇ" ਨੂੰ ਮੱਤ ਦਿਤੀ ਜਾਵੇ, ਪੰਜਾਬ ਵਲ ਨੂੰ ਕੂਚ ਕਰ ਦਿਤਾ। ਫਿਰ ਸਤ ਦਿਨਾਂ ਤਕ ਦੁਰਾਨੀ ਫੌਜਾਂ ਦੀ ਉਹ ਬਾਬ ਕੀਤੀ ਕਿ ਦੀਨ ਲਈ ਜਹਾਦ ਦਾ ਸਾਰਾ ਨਸ਼ਾ ਉਤਰ ਗਿਆ ਤੇ ਪੱਲਾ ਛੁਡਾ ਕੇ ਤੇਜ਼ੀ ਨਾਲ ਕਾਬਲ ਨੂੰ ਮੁੜ ਗਿਆ। ਇਸ ਤੜ੍ਹ ਦਾ ਵੀ ਪੋਲ ਖੁਲ੍ਹ ਗਿਆ ਕਿ ਸਿਖ ਕਿਤੇ ਲਭਦੇ ਹੀ ਨਹੀਂ।

—ਸਵਰਨ ਸਿੰਘ

## ਪਾਤਸ਼ਾਹ ਦਾ ਲਾਹੌਰੋਂ ਸਰਹੰਦ ਵਲ ਰਵਾਨਾ ਹੋਣਾ—

**ਨੂਰ ਮੁਹੰਮਦ** :—"ਜਦ ਸਵੇਰ ਹੋਈ ਤਾਂ ਪਾਤਸ਼ਾਹ ਦੇ ਹੁਕਮ ਨਾਲ ਸਾਰਾ ਲਸ਼ਕਰ ਲਾਹੌਰੋਂ ਬਾਹਰ ਨਿਕਲ ਆਇਆ। ਦੀਨ ਪਰਵਰ ਸ਼ਹਿਨਸ਼ਾਹ, ਦੀਨ ਦੀ ਖ਼ਾਤਰ ਫਿਟਕਾਰੇ ਸਿਖਾਂ ਦੇ ਪਿਛੇ ਦਵਾਬੇ (ਦਵਾਬਾ ਬਿਸਤ ਜਲੰਧਰ) ਵਲ ਨੂੰ ਲਸ਼ਕਰ ਲੈ ਕੇ ਹੋ ਤੁਰਿਆ। ਸਿਖ ਦਵਾਬੇ ਵਿਚ ਰਹਿੰਦੇ ਸਨ।"

"ਜਦ ਲਾਹੌਰੋਂ ਰਵਾਨਾ ਹੋਏ ਤਾਂ ਆਦਿਲ ਤੇ ਇਨਸਾਫ-ਪਰਵਰ ਪਾਤਸ਼ਾਹ ਨੇ ਬੜਾ ਕਰਮ ਫ਼ਰਮਾਇਆ ਤੇ ਦੀਨ ਦੀ ਪਰਵਰਸ਼ ਕਰਦਿਆਂ ਹੋਇਆਂ ਇਹ ਹੁਕਮ ਫਰਮਾਇਆ ਕਿ ਇਹ ਦੇਸ ਕਾਫ਼ਰ ਸਿਖਾਂ ਦਾ ਹੈ, ਇਸ ਨੂੰ ਜਿਵੇਂ ਜੀ ਚਾਹੇ, ਲੁਟੋ ਤੇ ਉਜਾੜੋ। ਕਾਫ਼ਰਾਂ ਦਾ ਮੁਲਕ ਹੋਣ ਕਰਕੇ ਇਸ ਉਤੇ ਅਸਲਾਮੀਆਂ ਦਾ ਹੱਕ ਹੈ। ਜਦ ਲਸ਼ਕਰ ਨੂੰ ਇਸ ਹੁਕਮ ਦੀ ਖ਼ਬਰ ਹੋਈ ਤਾਂ ਉਨ੍ਹਾਂ ਬੜੀ ਤੇਜ਼ੀ ਨਾਲ ਸ਼ਹਿਰਾਂ ਤੇ ਪਿੰਡਾਂ ਵਲ ਵਾਗਾਂ ਮੋੜ ਲਈਆਂ ਤੇ ਓਥੇ ਧਾ ਕੇ ਅਪੜੇ, ਕਿਉਂਕਿ ਇਹੋ ਉਹ ਦਿਲੋਂ ਚਾਹੁੰਦੇ ਸਨ ਤੇ ਦਿਨ ਰਾਤ ਰੱਬ



www.AKJ.Org

ਪਾਸੋਂ ਇਹੋ ਕੁਝ (ਲੁਟ-ਮਾਰ) ਮੰਗਦੇ ਸਨ। ਲਸ਼ਕਰ ਹਰ ਪਾਸੇ ਧਾਈਆਂ ਕਰਨ ਲਗਾ ਤੇ ਚਿੱਟਾ ਦਿਨ ਰਾਤ ਵਾਂਗ ਕਾਲਾ ਹੋ ਗਿਆ। ਲੋਕਾਂ ਉਤੇ ਕਿਆਮਤ ਟੁਟ ਪਈ। ਜਿਸ ਪਾਸੇ ਲਸ਼ਕਰ ਪੈਂਦਾ ਸੀ, ਸਿਖ ਤੇ ਨਾ-ਸਿੱਖ ਵਿਚ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਇਹ ਉਹੋ ਗੱਲ ਸੀ ਕਿ ਜੇ ਕਿਸੇ ਬਾਗ ਚੋਂ ਪਾਤਸ਼ਾਹ ਜ਼ਬਰ-ਦਸਤੀ ਇਕ ਸੇਬ ਖਾ ਲਵੇ ਤਾਂ ਉਸ ਦਾ ਲਸ਼ਕਰ ਬਾਗ ਨੂੰ ਹੀ ਤਬਾਹ ਕਰ ਛਡਦਾ ਹੈ। ਫੌਜ ਹਰ ਪਾਸੇ ਲੁਟਦੀ ਫਿਰਦੀ ਸੀ ਤੇ ਦੇਸ਼ ਨੂੰ ਮਿੱਟੀ ਵਿਚ ਮਿਲਾਉਂਦੀ ਜਾਂਦੀ ਸੀ। ਹਰ ਪਿੰਡ ਵਿਚੋਂ ਵਸਨੀਕ ਨਸ਼ ਗਏ ਸਨ ਤੇ ਜ਼ਿਥੇ ਕਿਤੇ ਸਿਰ-ਲੁਕਾਵਾ ਮਿਲਿਆ, ਜਾ ਲੁਕੇ ਸਨ। ਇਸ ਲੁਟ-ਮਾਰ ਵਿਚ ਲਸ਼ਕਰ ਦੇ ਹੱਥ ਕੀ ਕੁਝ ਲਗਾ, ਇਸ ਦਾ ਕਿਸੇ ਨੂੰ ਕੋਈ ਹਿਸਾਬ ਯਾਦ ਨਹੀਂ। ਬੇ-ਗਿਣਤ ਗਊਆਂ, ਖੋਤੇ, ਭੇਡਾਂ ਤੇ ਬਕਰੀਆਂ ਸਨ। ਅਨੇਕਾਂ ਕਮਾਦਾਂ ਦੇ ਖੇਤ ਸਨ। ਅਨੇਕਾਂ ਢੇਰ ਗੁੜ ਤੇ ਤਿਲਾਂ ਦੇ ਹਥ ਆਏ ਸਨ। ਕੀ ਆਦਮੀ ਤੇ ਕੀ ਪਸ਼ੂ, ਕੋਈ ਵੀ ਤਿਲਾਂ ਤੇ ਗੁੜ ਤੋਂ ਬਿਨਾਂ ਹੋਰ ਕੁਝ ਨਹੀਂ ਖਾਂਦਾ ਸੀ। ਕੀ ਛੋਟਾ ਕੀ ਵਡਾ, ਕੀ ਗੁਲਾਮ ਦੀ ਦਾਸੀ, ਹਰ ਕੋਈ ਇਨ੍ਹਾਂ ਚਾਰ ਚੀਜ਼ਾਂ ਨਾਲ ਢਿਡ ਭਰੀ ਜਾਂਦਾ ਸੀ—ਇਕ ਤਾਂ ਗਊ ਦਾ ਮਾਸ, ਦੂਜੇ ਕਮਾਦ, ਤੀਜੇ ਗੁੜ ਤੇ ਚੌਥੇ ਤਿਲ। ਅਜਿਹੇ ਪਾਤਸ਼ਾਹ ਉਤੇ ਹਜ਼ਾਰ ਆਫਰੀਨ, ਜਿਹੜਾ ਮੁਲਕ ਦਾ ਮੁਲਕ ਹੀ ਫੌਜ ਨੂੰ ਬਖਸ਼ ਦੇਵੇ। ਪਾਤਸ਼ਾਹ ਵਲੋਂ ਬਖਸ਼ਿਸ਼ ਹੋਵੇ ਤਾਂ ਅਜਿਹੀ ਹੋਵੇ ਕਿ ਉਸ ਦੇ ਹਿਸਾਬ ਕਿਤਾਬ ਲਈ ਤਕੜੀ ਵਟੇ ਦੀ ਲੋੜ ਹੀ ਨਾ ਪਵੇ। ਏਸੇ ਤਰੀਕੇ ਨਾਲ ਸਾਰਾ ਲਸ਼ਕਰ ਦਿਨੇ ਰਾਤ ਲੁਟ-ਮਾਰ ਮਚਾਉਂਦਾ ਅੱਗੇ ਵਧਦਾ ਜਾਂਦਾ ਸੀ। ਜਦ ਦਸ ਪੰਦਰ੍ਹਾਂ ਦਿਨ ਇਸ ਹਾਲਤ ਵਿਚ ਲੰਘ ਗਏ ਤਾਂ ਵਟਾਲੇ (ਬਟਾਲੇ) ਦਾ ਇਲਾਕਾ ਆ ਗਿਆ।''

ਗਿਫ਼ਤੰਦ ਰਾਹਿ ਦਵਾਬਾ ਬਹਿ ਪੇਸ਼। ਕਿ ਬੁਦ ਮਿਸਕਨਿ ਆ ਸਗਾਂ ਜ਼ਿਸ਼ਤ ਕੇਸ਼।
ਸ਼ਹਿ ਆਦਿਲ ਵ ਦਾਵਰਿ ਦਾਦ ਗਰ। ਜ਼ਿ ਲਾਹੌਰ ਚੂੰ ਸ਼ੁਦ ਰਵਾਂ ਪੇਸ਼ ਤਰ।
ਬਗੁਫ਼ਤਾ ਜ਼ਿ ਰਾਹਿ ਕਰਮ ਗਸ਼ਤਰੀ। ਮਸਾਕੀਂ ਨਵਾਜ਼ੀ ਵ ਦੀਂ ਪਰਵਰੀ।
ਕਿ ਈਂ ਮੁਲਕ ਈਂ ਕਿਸ਼ਤ ਅਜ਼ ਹਰਬੀਆਂ। ਅਜ਼ੀ ਰੂਏ ਤਮਲੀਕਿ ਅਸਲਾਮੀਆਂ।
ਮਰੱਖ਼ਸ ਬੁਦ੍ਹਾ ਲਸ਼ਕਰਿ ਦੀਂ ਪ੍ਰਸਤ। ਕਿ ਸੋਰੱਤ ਸਾ ਖ਼ੁਦ ਜ਼ਾਂ ਕੁਨਦ ਹਰ ਚਿਹ ਹਸਤ।
ਜ਼ਿ ਮੁਲਕੇ ਸਗਾਨਿ ਲਈਨ ਰੂ ਸਿਆਹ। ਹਰ ਆਂ ਚੀਜ਼ ਉਫ਼ਤਦ ਬਦਸਤਿ ਸਿਪਾਹ।
ਚੂ ਲਸ਼ਕਰ ਬਰੀਂ ਆਰਾਹੀ ਯਾਫ਼ਤੰਦ। ਅਨਾਂ ਬਹਰ ਸ਼ਹਿਰੋ ਦੇਹੇ ਤਾਖ਼ਤੰਦ।
ਕਿ ਈਂ ਆਰਜ਼ੂ ਰਾ ਬ-ਦਿਲ ਦਾਸ਼ਤੰਦ। ਸ਼ਬੋ ਰੋਜ਼ ਅਜ਼ ਹੱਕ ਹਮੀਂ ਖ਼ਾਸਤੰਦ।
ਬ-ਹਰ ਸੂ ਸ਼ੁਦ੍ਹਾ ਤੁਰਕ ਤਾਜ਼ ਅਜ਼ ਸਿਪਾਹ। ਬ-ਮਰਦਮ ਸ਼ੁਦ੍ਹਾ ਰੋਜ਼ਿ ਰੌਸ਼ਨ ਸਿਆਹ।
ਨਾ ਸ਼ੁਦ ਅਜ਼ ਸਗੋ ਗ਼ੈਰ-ਸਗ ਇਮਤਿਆਜ਼। ਬ-ਹਰ ਜਾ ਜ਼ਿ ਲਸ਼ਕਰ ਸ਼ੁਦ੍ਹਾ ਤੁਰਕ ਤਾਜ਼।
ਚੂ ਅਜ਼ ਬਾਗਿ ਮਰਦਮ ਖ਼ੁਰਦ ਸੇਬ ਸ਼ਾਹ। ਤਬ੍ਹਾ ਸਾਜ਼ਿਦ ਆਂ ਬੋਸਤਾਂ ਰਾ ਸਿਪਾਹ।
ਅਸਾਕਰ ਬ-ਹਰ ਸੂ ਹਮੀ ਤਾਖ਼ਿਤੰਦ। ਹਮ੍ਹਾ ਮੁਲਕ ਜ਼ੇਰੋ ਜ਼ਬਰ ਸਾਖ਼ਿਤੰਦ।
ਜ਼ਿ ਹਰ ਦਿਹ ਰਿਆਇਆ ਗਰੇਜ਼ਾਂ ਸ਼ੁਦੰਦ। ਬ-ਹਰ ਜਾਨਿਬ ਉਫ਼ਤਾਨੋ ਖ਼ੇਜ਼ਾਂ ਸ਼ੁਦੰਦ।
ਬਸੇ ਗਾਉ ਖ਼ਰ ਅਜ਼ ਬੁਜ਼ੋ ਗੋਸਫੰਦ। ਸ਼ੁਮਾਰੇ ਨਾ ਬੁਦ ਤਾ ਕਿਹ ਗੋਇਮ ਕਿਹ ਚੰਦ।
ਬਸੇ ਮਜ਼ਰ੍ਹਾ-ਏ ਨੇਸ਼ਕਰ ਜ਼ਾਰ ਹਾ। ਜ਼ਿ ਕੰਦੋਜ਼ਿ ਕੁੰਜਦ ਬ-ਖ਼ਰਵਾਰਹਾ।
ਬਦਸਤਿ ਸਪਾਹਿ ਮਜਾਹਿਦ ਫ਼ਤਾਦ। ਕਸ ਅਜ਼ ਕਸ ਦਰਾਂ ਤਾਖ਼ਤ ਨਿਆਵਰਦ ਯਾਦ।
ਚਿਹ ਅਜ਼ ਨੌਅ-ਏ ਹੈਵਾਂ ਚਿਹ ਨੌਅ-ਏ ਬਸ਼ਰ। ਨਮੀ ਖ਼ੁਰਦ ਜੁਜ਼ ਕੰਦ ਜੁਜ਼ ਨੇਸ਼ਕਰ।
ਯਕੇ ਗੋਸ਼ਤ ਗਾਉ ਦਿਗਰ ਨੇਸ਼ਕਰ। ਸਿਯੂਮ ਕੰਦ ਚਾਰਮ ਤੂ ਕੁੰਜਦ ਸ਼ਿਮੁਰ।
ਸ਼ਿਕਮ ਸੀਰ ਗਸ਼ਤੰਦ ਜ਼ੀਂ ਚਾਰ ਚੀਜ਼। ਸਗੀਰੋ ਕਬੀਰੋ ਗ਼ਲਾਮੋ ਕਨੀਜ਼।
ਹਜ਼ਾਰ ਆਫ਼ਰੀਂ ਬਰ ਚੁਨਾਂ ਬਾਦਸ਼ਾਹ। ਕਿ ਮੁਲਕਿ ਕੁਨਦ ਮਰ ਸਪਾਹ ਰਾ ਅਤਾ।



www.AKJ.Org

ਅਤਾਏ ਚੁਨੀ ਬਾਇਦ ਅਜ਼ ਸ਼ਹਿਰ ਯਾਰ। ਕਿਹ ਨੇ ਕੈਲ ਆਇਦ ਨਾ ਮੇਜ਼ਾਂ ਬਕਾਰ।
ਬ-ਈਂ ਰਸਮੋ ਆਈਨ ਲਸ਼ਕਰ ਤਮਾਮ। ਹਮੀਂ ਰਫ਼ਤ ਗ਼ਾਰਤ ਕੁਨਾਂ ਸੁਬਹੁ ਸ਼ਾਮ।
ਚੋਦਹ ਪਾਂਜ਼ ਦਹ ਰੋਜ਼ ਤੈ ਗਸ਼ਤ ਰਾਹ। ਦਰ ਆਮਦ ਬ-ਮੁਲਕਿ ਬਟਾਲਾ ਸਿਪਾਹ।

[ਸਫ਼ਾ ੧੦੩-੦੪, ਸਤਰਾਂ ੬ ਤੋਂ ੨੮ ਤਕ]

ਨੋਟ :–ਕਾਜ਼ੀ ਜੀ ਨੇ ਇਸ ਅਧਿਆਏ ਵਿਚ ਕੁਝ ਟਪਲੇ ਵੀ ਖਾਧੇ ਹਨ ਤੇ ਓਸ ਵੇਲੇ ਦੇ ਪਠਾਣਾਂ ਦੇ ਇਖ਼ਲਾਕ ਤੋਂ ਨਿਰਸੰਦੇਹ ਪਰਦਾ ਵੀ ਚੁਕਿਆ ਹੈ।

ਅਹਿਮਦਸ਼ਾਹ ਲਾਹੌਰੋਂ ਤੁਰ ਕੇ ਪੰਦਰ੍ਹਾਂ ਦਿਨਾਂ ਵਿਚ ਬਟਾਲੇ ਅਪੜਦਾ ਹੈ। ਇਥੋਂ ਬਿਆਸ ਟੱਪ ਕੇ ਹੁਸ਼ਿਆਰਪੁਰ ਨੂੰ ਹੋ ਤੁਰਦਾ ਹੈ ਤੇ ਫਿਰ ਰੋਪੜ ਦੇ ਗਾਹਣ ਤੋਂ ਸਤਲੁਜ ਨੂੰ ਪਾਰ ਕਰਦਾ ਹੈ। ਕਾਜ਼ੀ ਜੀ ਬਟਾਲੇ ਤੇ ਬਿਆਸ ਦੇ ਵਿਚਕਾਰਲੇ ਇਲਾਕੇ ਨੂੰ ਵੀ ਦਵਾਬਾ ਹੀ ਸਮਝਦੇ ਹਨ। ਉਂਜ ਭਾਵੇਂ ਇਹ ਇਲਾਕਾ ਦਵਾਬਾ ਹੀ ਹੈ, ਕਿਉਂਕਿ ਇਹ ਦਵਾਬਾ ਬਾਰੀ ਦਾ ਇਲਾਕਾ ਹੈ, ਪਰ ਕਾਜ਼ੀ ਜੀ ਦਾ ਜਿਸ ਦਵਾਬੇ ਤੋਂ ਮਕਸਦ ਹੈ ਉਹ ਦਵਾਬਾ ਬਿਸਤ-ਜਲੰਧਰ ਹੀ ਹੈ।) ਰੋਪੜੋਂ ਲੰਘ ਕੇ ਫਿਰ ਅਬਦਾਲੀ ਪੰਜੋਰ ਜਾਂਦਾ ਹੈ।

ਉਸ ਵੇਲੇ ਮਾਝੇ ਦੀ ਵਾਹੀ ਦਾ ਕੋਈ ਹਾਲ ਨਹੀਂ ਸੀ। ਨਹਿਰਾਂ ਨਾ ਹੋਣ ਕਰ ਕੇ ਸਾਰਾ ਕੰਮ ਬਾਰਸ਼ ਦੇ ਆਸਰੇ ਹੀ ਸੀ। ਥੋੜੀ ਜਿਹੀ ਜ਼ਮੀਨ ਵਹਾਂਦ ਸੀ, ਬਾਕੀ ਸਭ ਜਾਮੁਣ ਦੀ ਰਖ ਵਾਂਗ ਜੰਗਲ ਬੀੜ ਹੀ ਸੀ। ਰਿਆੜਕੀ ਤੇ ਦਵਾਬੇ ਦੀ ਵਾਹੀ ਖੂਹਾਂ ਕਰਕੇ ਬੀੜ ਸਰੀਂ (ਚੰਗੀ) ਸੀ। ਇਥੇ ਗੁੜ ਗੰਨੇ ਤੇ ਤਿਲਾਂ ਦਾ ਕੀ ਅੰਤ ਸੀ। ਪਰ ਇਹ ਚੀਜ਼ਾਂ ਭੁਖ ਤੇ ਹਾੜਬੇ ਦੇ ਮਾਰੇ ਪਠਾਣਾਂ ਲਈ ਬਹਿਸ਼ਤੀ ਮੇਵੇ ਸਨ, ਜਿਹੜੇ ਉਨ੍ਹਾਂ ਨੂੰ ਸੁਪਨੇ ਵਿਚ ਵੀ ਨਸੀਬ ਨਹੀਂ ਸਨ ਹੁੰਦੇ।

ਅਗਲੀ ਭੁਲ ਕਾਜ਼ੀ ਜੀ ਨੇ ਇਹ ਕੀਤੀ ਹੈ ਕਿ ਜੋ ਲੜਾਈ ਅੱਗੇ ਜਾ ਕੇ ਦਵਾਬੇ ਵਿਚ ਹੋਈ ਹੈ ਉਸ ਨੂੰ ਗਿਆੜਕੀ ਵਿਚ ਹੀ ਹੋਈ ਦਸਦੇ ਹਨ। ਜਿਵੇਂ ਕਿ ਅਗਲੇ ਧਿਆਏ ਵਿਚ ਹੈ। ਗੁੜ ਗੰਨੇ ਤੇ ਤਿਲਾਂ ਦੇ ਖਾਣ ਵਿਚ ਕਾਜ਼ੀ ਜੀ ਏਨੇ ਲੀਨ ਹਨ ਕਿ ਉਨ੍ਹਾਂ ਨੂੰ ਬਿਆਸ ਦਰਿਆ ਟੱਪੇ ਦਾ ਵੀ ਪਤਾ ਨਹੀਂ ਰਹਿੰਦਾ।

ਕਾਜ਼ੀ ਜੀ ਦੀ ਲਿਖਤ ਉਸ ਵੇਲੇ ਦੀ ਹਾਲਤ ਦਾ ਮਾਮੂਲੀ ਜਿਹਾ ਨਕਸ਼ਾ ਪੇਸ਼ ਕਰਦੀ ਹੈ ਕਿ ਪਠਾਣਾਂ ਦੇ ਹਥੋਂ ਦੇਸ਼ ਦੀ ਕੀ ਦੁਰਦਸ਼ਾ ਹੁੰਦੀ ਸੀ, ਕਿਵੇਂ ਫਸਲਾਂ ਉਜਾੜੀਆਂ ਤੇ ਪਿੰਡ ਸਾੜੇ ਫੂਕੇ ਜਾਂਦੇ ਸਨ। ਡੰਗਰ-ਵਛਾ ਸਭ ਫੜ ਕੇ ਖਾ ਜਾਂਦੇ ਸਨ। ਇਕ ਗੱਲ ਉਤੇ ਕਾਜ਼ੀ ਜੀ ਜਾਣ ਬੁਝ ਕੇ ਪਰਦਾ ਪਾਉਂਦੇ ਹਨ ਕਿ ਲੁਟ-ਮਾਰ ਵੇਲੇ ਜੋ ਤ੍ਰੀਮਤਾਂ ਤੇ ਮੁੰਡੇ ਕੁੜੀਆਂ ਹਥ ਆਉਂਦੇ ਸਨ,ਉਨ੍ਹਾਂ ਨੂੰ ਬੰਦੀ ਬਣਾ ਕੇ ਗੁਲਾਮ ਬਣਾ ਲਿਆ ਜਾਂਦਾ ਸੀ। ਅਗਲਿਆਂ ਧਿਆਵਾਂ ਵਿਚ ਇਹ ਵੀ ਸਪੱਸ਼ਟ ਹੋ ਜਾਵੇਗਾ ਕਿ ਇਹ ਲੁਟੇਰੇ ਪੰਜਾਬ ਤੇ ਹਿੰਦੁਸਤਾਨ ਵਿਚੋਂ ਕੀ ਕੁਝ ਲੁਟ ਕੇ ਲਿਜਾਇਆ ਕਰਦੇ ਸਨ। ਆਉਂਦੇ ਇਹ ਲੋਕ ਲੁਟ-ਮਾਰ ਦੇ ਲਾਲਚ ਵਿਚ ਸਨ, ਪਰ ਨਾਂ ਇਸ ਕੁਕਰਮ ਦਾ "ਦੀਨ ਦੀ ਖ਼ਾਤਰ ਜਹਾਦ" ਰਖਦੇ ਸਨ। ਕਾਜ਼ੀ ਜੀ ਦਸਦੇ ਹਨ ਕਿ "ਆਦਿਲ ਤੇ ਇਨਸਾਫ਼-ਪਰਵਰ ਤੇ ਦੀਨ-ਰਖਿਅਕ ਪਾਤਸ਼ਾਹ" ਨੇ ਲੁਟ-ਮਾਰ ਦੀ ਖੁਲ੍ਹੀ ਛੁਟੀ ਦੇ ਦਿਤੀ। ਫਿਰ ਲਸ਼ਕਰ ਨੇ ਨਾ ਕੋਈ ਸਿਖ ਵੇਖਿਆ, ਨਾ ਹਿੰਦੂ ਤੇ ਨਾ ਮੁਸਲਮਾਨ। ਘਟੋ ਘਟ ਮੁਸਲਮਾਨਾਂ ਨੂੰ ਤਾਂ ਛੱਡ ਲਿਆ ਜਾਂਦਾ, ਜਿਨ੍ਹਾਂ ਦੀ ਰੱਖਿਆ ਦੇ ਨਾਮ ਤੇ ਇਹ ਲਸ਼ਕਰ ਚਾੜ੍ਹ ਕੇ ਲਿਆਂਦਾ ਸੀ। ਐਸਾ ਨਹੀਂ, ਸਗੋਂ ਸਭ ਇਕ-ਵਢਿਓਂ ਹੀ ਲੁੱਟੇ ਜਾਂਦੇ ਸਨ। ਦੀਨ ਦੀ ਰੱਖਿਆ ਦਾ ਭਾਂਡਾ ਕਾਜ਼ੀ ਜੀ ਨੇ ਆਪ ਹੀ ਭੰਨ ਦਿਤਾ ਹੈ। "ਧਰਮ ਰਖਿਅਕ ਤੇ ਇਨਸਾਫ ਪਰਵਰ" ਅਹਿਮਦਸ਼ਾਹ ਦੇ ਆਉਣ ਦੀ ਖਬਰ ਸੁਣ ਕੇ ਪਿੰਡਾਂ ਦੇ ਪਿੰਡ ਉਜੜ ਜਾਂਦੇ ਸਨ। ਲੋਕ ਘਰ ਬਾਰ ਛੱਡ ਕੇ ਬਾਲ ਬੱਚੇ ਦਾ ਸਤ ਪਤ ਤੇ ਜਾਨਾਂ ਬਚਾ ਲੈਂਦੇ। ਸੁੰਞੇ ਪਏ ਪਿੰਡ ਫੌਜ ਲੁਟ-ਪੁਟ ਕੇ ਸਾੜ ਫੂਕ ਦੇਂਦੀ ਤੇ ਵਧਦੀ ਜਾਂਦੀ।



www.AKJ.Org

ਰਿਅੜਕੀ ਤੇ ਦੁਆਬੇ ਦੇ ਸੜਕੋਂ ਉਤਰ ਵਾਲੇ ਪਾਸੇ ਦੇ ਲੋਕ ਟਬਰਾਂ ਸਮੇਤ ਪਹਾੜਾਂ ਵਿਚ ਤੇ ਢੋਲਵਾਹੇ ਦੀ ਖਡ ਵਿਚ ਜਾ ਛੁਪਦੇ। ਸੜਕੋਂ ਹੇਠਲੇ ਦਖਣ ਵਾਲੇ ਪਾਸੇ ਦੇ ਲੋਕ ਦਰਿਆਵਾਂ ਦਿਆਂ ਬੇਲਿਆਂ ਝਲਾਂ ਵਿਚ ਜਾ ਲੁਕਦੇ, ਜਾਂ ਮਾਝੇ ਦਿਆਂ ਸੁੰਨਸਾਨ ਬਿਆਬਾਨਾਂ ਵਿਚ ਚਲੇ ਜਾਂਦੇ।

ਪੰਜਾਬ ਦੇ ਲੋਕ ਤਾਂ ਪਠਾਣਾਂ ਦੀ ਖੋ ਬੋ ਤੋਂ ਚੰਗੂ ਜਾਣੂ ਸਨ। ਉਹ ਘਰ-ਬਾਰ ਜਾਂ ਮਾਲ-ਡੰਗਰ ਤਾਂ ਲੁਟਾ-ਪੁਟਾ ਦੇਂਦੇ, ਪਰ ਬਾਲ-ਬੱਚੇ ਤੇ ਤ੍ਰੀਮਤਾਂ ਨੂੰ ਇਨ੍ਹਾਂ ਦਰਿੰਦਿਆਂ ਦੇ ਹੱਥ ਨਾ ਆਉਣ ਦਿੰਦੇ। ਪਰ ਗੰਗ ਦਵਾਬ ਦੇ ਇਲਾਕੇ ਵਿਚ ਜਦ ਇਹ "ਧਰਮ ਰਖਿਆ ਤੇ ਅਦਲ ਇਨਸਾਫ" ਲਈ ਗਏ, ਓਥੋਂ ਹਜ਼ਾਰਾਂ ਮਾਸੂਮ ਮੁੰਡੇ ਕੁੜੀਆਂ ਤੇ ਤ੍ਰੀਮਤਾਂ ਫੜ ਕੇ ਬੰਨ੍ਹ ਲਿਆਏ ਸਨ।

ਇਹ ਦੋ ਮੁਹਾਵਰੇ "ਕਾਬਲ ਦਿਆਂ ਨੂੰ ਨਿਤ ਮੁਹਿੰਮਾਂ" ਤੇ "ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦਸ਼ਾਹੇ ਦਾ" ਇਸ ਵੇਲੇ ਲੋਕਾਂ ਦੀ ਮੰਦੀ ਤੇ ਤਰਸ ਯੋਗ ਹਾਲਤ ਦੇ ਲਖਾਇਕ ਹਨ। ਸਿਆਲ ਉਤਰਦਿਆਂ ਸਾਰ ਹੀ ਇਹ "ਅੱਲਾ ਦੇ ਨੇਕ ਬੰਦੇ" ਪਹਾੜਾਂ ਤੋਂ ਉੱਤਰ ਆਉਂਦੇ ਤੇ ਪੰਜਾਬ ਵਿਚ ਤਬਾਹੀ ਮਚਾ ਦੇਂਦੇ, ਜੋ ਹਥ ਲਗਦਾ, ਸਭ ਕੁਝ ਲੁਟ ਪੁਟ ਕੇ ਲੈ ਜਾਂਦੇ।

ਇਨ੍ਹਾਂ ਵਹਿਸ਼ੀ ਲੁਟੇਰਿਆਂ ਦੇ ਮੂੰਹ ਖਾਲਸਾ ਜੀ ਨੇ ਭੰਨੇ ਤੇ ਇਨ੍ਹਾਂ ਨੂੰ ਐਸਾ ਸਬਕ ਸਿਖਾਇਆ ਕਿ ਮੁੜ ਕੇ ਪੰਜਾਬ ਵਲ ਆਉਣਾ ਤਾਂ ਕੀ ਸੀ, ਇਧਰ ਝਾਕਣ ਦੀ ਵੀ ਇਨ੍ਹਾਂ ਨੂੰ ਜੁਰਅਤ ਨਾ ਪਈ। ਖਾਲਸਾ ਜੀ ਨੇ ਐਸਾ ਕਰੜਾ ਪਹਿਰਾ ਲਾਇਆ ਤੇ ਇਨ੍ਹਾਂ ਹਥੋਂ ਦੇਸ਼ ਨੂੰ ਸਦਾ ਲਈ ਸੁਰਖਿਅਤ ਕਰ ਦਿਤਾ ਕਿ ਲੋਕਾਂ ਨੂੰ ਅਹਿਮਦਸ਼ਾਹ ਬਾਰੇ ਪ੍ਰਚਲਤ ਉਪਰੋਕਤ ਅਖੌਤਾਂ ਵੀ ਭੁਲ ਗਈਆਂ। ਪਠਾਣਾਂ ਦੀ ਸਦਾ ਲਈ ਦੇਸ਼ ਉਤੋਂ ਛੱਟ ਲਾਹ ਦਿਤੀ। ਖਾਲਸਾ ਜੀ ਦਾ ਇਹ ਇਹੋ ਜਿਹਾ ਪਰਉਪਕਾਰ ਹੈ ਜਿਸ ਨੂੰ ਪੰਜਾਬ ਕੀ, ਸਾਰਾ ਉਤਰੀ ਹਿੰਦ ਰਹਿੰਦੀ ਦੁਨੀਆ ਤਕ ਨਾ ਭੁਲੇਗਾ, ਤੇ ਨਾ ਹੀ ਇਸ ਦਾ ਬਦਲਾ ਚੁਕਾ ਸਕੇਗਾ। ਇਸ ਵਿਚ ਸ਼ੱਕ ਨਹੀਂ ਕਿ ਪਠਾਣ ਪਾਕਿਸਤਾਨ ਦੀ ਵੰਡ ਤੱਕ ਸਿਆਲ ਵਿਚ ਆਉਂਦੇ ਸਨ—ਪਰ ਹਿੰਙ ਤੇ ਚਾਕੂ ਛੁਰੀਆਂ ਵੇਚਣ, ਜਾਂ ਸਿੰਘਾਂ ਸਰਦਾਰਾਂ ਦੀਆਂ ਹਵੇਲੀਆਂ ਦੀਆਂ ਕੰਧਾਂ ਕਢਣ, ਜਿਹੜੀਆਂ ਉਨ੍ਹਾਂ ਦੇ ਵਡੇ ਵਡੇਰੇ ਢਾਹ ਗਏ ਸਨ। ਰਾਤ ਨੂੰ ਟੁੱਕ ਸਰਦਾਰਾਂ ਦਿਆਂ ਘਰਾਂ ਤੋਂ ਮੰਗ ਕੇ ਖਾਇਆਂ ਕਰਦੇ ਹੁੰਦੇ ਸਨ।

—ਸਵਰਨ ਸਿੰਘ

(ਚਲਦਾ)


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਫਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ | ੦-੩੫ |
| ਸਬਦੁ ਗੁਰ ਪੀਰਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |


**ਪਾਠਕ ਸਜਣੋ—**ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਚਿੱਟ ਨੰਬਰ ਨਾ ਲਿਖਣ ਦੀ ਹਾਲਤ ਵਿਚ ਜੇ ਤੁਹਾਡੇ ਲਿਖੇ ਤੇ ਵੇਲੇ ਸਿਰ ਅਮਲ ਨਾ ਹੋਇਆ ਤਾਂ ਸਾਡੇ ਤੇ ਕੋਈ ਉਲਾਂਭਾ ਨਹੀਂ ਹੋਵੇਗਾ।



www.AKJ.Org

# ਨਾਨਕ ਹਰਿ ਕੀਰਤਨੁ ਕਰਿ, ਅਟਲ ਏਹੁ ਧਰਮ

[ਥਿਤੀ ਗਉੜੀ ਮ: ੫ (੨੯੯)

[ਵਲੋਂ—ਸ: ਬਲਵਿੰਦਰਪਾਲ ਸਿੰਘ ਐਮ.ਏ., ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ]

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੀ ਭਾਵੇਂ 'ਇਕ ਰੱਬ' ਦਾ ਸੰਕਲਪ ਮੌਜੂਦ ਸੀ, ਪਰ ਗੁਰੂ ਨਾਨਕ ਸਾਹਿਬ, ਉਤਰਾਧਿਕਾਰੀ ਗੁਰੂ ਸਾਹਿਬਾਨ ਤੇ ਭਗਤਾਂ ਨੇ ਜਿਸ ਢੰਗ ਨਾਲ ਨਿਜੀ ਅਨੁਭਵਾਂ ਨੂੰ ਗੁਰਬਾਣੀ ਵਿਚ ਚਿਤਰਿਆ ਹੈ, ਉਹ ਮਨੁਖ ਦੇ ਅੰਦਰਲੇ ਅਤੇ ਕਿਸੇ ਬਾਹਰੀ ਅਪਾਰ ਸ਼ਕਤੀ 'ਚ ਸੰਬੰਧਾਂ ਦਾ ਸਿਖਰ ਹੈ।

ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਰੰਗਾਂ ਰੂਪਾਂ ਨੂੰ ਵੇਖਦੇ ਤੇ ਉਨ੍ਹਾਂ ਨਾਲ ਵਰਤਦੇ ਹਾਂ। ਮਨੁੱਖ ਰੱਬ ਨੂੰ ਵੀ ਰੰਗਾਂ ਰੂਪਾਂ ਤੇ ਸਥੂਲ ਰੂਪ ਵਿਚ ਵੇਖਣਾ ਚਾਹੁੰਦਾ ਹੈ। ਪਰ ਉਹ ਅਕਾਲ ਪੁਰਖ ਤਾਂ ਜੋਤਿ ਸਰੂਪ ਹੈ ਤੇ ਉਹ ਜੋਤਿ ਸਭ ਜਗ੍ਹਾ ਇਕੋ ਜਿਹੀ ਹੈ ਤੇ ਅਚੱਲ ਹੈ, ਸੁਚੇਤ ਹੈ, ਉਸ ਨੂੰ ਕਿਸੇ ਜਗ੍ਹਾ ਤੇ ਚਲ ਕੇ ਨਹੀਂ ਜਾਣਾ ਪੈਂਦਾ। ਅਸੀਂ ਕਿਸੇ ਜਗ੍ਹਾ ਵੀ ਉਸ ਨੂੰ ਅਨੁਭਵ ਕਰ ਸਕਦੇ ਹਾਂ ਤੇ ਉਸ ਨਾਲ ਸੰਬੰਧ ਜੋੜ ਸਕਦੇ ਹਾਂ।

ਪ੍ਰਾਣੀ ਮਾਤਰ ਦੇ ਦਿਲ ਦਿਮਾਗ ਉਤੇ ਦੁਨਿਆਵੀ ਗੱਲਾਂ ਤੇ ਵਿਚਾਰਾਂ ਦੀ ਪਾਣ ਰੋਜ਼ਾਨਾ ਚੜ੍ਹਦੀ ਹੈ, ਜਿਸ ਤਰ੍ਹਾਂ ਟੇਪ-ਰਿਕਾਰਡਰ ਵਿਚਲੀ ਟੇਪ ਤੇ ਕੋਈ ਚੀਜ਼ ਰੀਕਾਰਡ ਹੁੰਦੀ ਹੈ। ਮਨੁੱਖੀ ਮਨ ਤੋਂ ਦੁਨਿਆਵੀ ਵੀਚਾਰਾਂ ਦੀ ਟੇਪ ਖ਼ਤਮ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਜ਼ਰੂਰੀ ਸਮਝਿਆ ਕਿ ਵੈਰਾਗ, ਪਿਆਰ, ਤਿਆਗ, ਨਿਮਰਤਾ, ਅਣਖ, ਕੁਰਬਾਨੀ, ਸੇਵਾ, ਸਿਮਰਨ ਆਦਿਕ ਗੁਣਾਂ ਭਰਪੂਰ ਗੁਰਬਾਣੀ ਦਾ ਰੋਜ਼ਾਨਾ ਕੀਰਤਨ ਕੀਤਾ ਜਾਵੇ। ਇਸ ਤਰ੍ਹਾਂ ਮਨੁਖੀ ਮਨ ਤੋਂ ਵਹਿਮਾਂ, ਭਰਮਾਂ, ਰੰਗਾਂ ਰੂਪਾਂ, ਸ਼ਕਲਾਂ ਸੂਰਤਾਂ ਆਦਿ ਦਾ ਪ੍ਰਭਾਵ ਖ਼ਤਮ ਕਰ ਕੇ ਉਸ ਨੂੰ ਇਕ ਨਿਹਚਲ ਤੇ ਸਥਿਰ, ਪਰ ਸੁਚੇਤ ਅਵਸਥਾ ਵਿਚ ਲਿਜਾਇਆ ਜਾ ਸਕਦਾ ਹੈ ਤੇ ਮਨੁੱਖੀ ਆਤਮਾ ਡਾਵਾਂ-ਡੋਲ ਦੀ ਸਥਿਤੀ ਤੋਂ ਉਚੇਰਾ ਉਠ ਕੇ ਸਦੀਵੀ ਖੁਸ਼ੀ ਮਹਿਸੂਸ ਕਰ ਸਕਦੀ ਹੈ।

ਮਨੁਖੀ ਆਤਮਾ ਦੀਆਂ ਇਨ੍ਹਾਂ ਦੋ ਅਵਸਥਾਵਾਂ ਦੀ ਪਰਤੱਖ ਮਿਸਾਲ ਤੁਸੀਂ ਆਪ ਵੇਖ ਸਕਦੇ ਹੋ। ਜਦੋਂ ਤੁਸੀਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜਾਓ ਤਾਂ ਦਰਬਾਰ ਸਾਹਿਬ ਦੀ ਹਦੂਦ ਤੋਂ ਬਾਹਰ ਦਾ ਵਾਤਾਵਰਣ ਪਹਿਲੀ ਆਤਮਕ ਅਵਸਥਾ ਦੀ ਮਿਸਾਲ ਬਣਦਾ ਹੈ, ਪਰ ਇਕ-ਦਮ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਉਥੇ ਹੁੰਦੇ ਅਖੰਡ ਕੀਰਤਨਾਂ ਦੀਆਂ ਲਹਿਰਾਂ ਨਾਲ ਭਰਪੂਰ ਵਾਤਾਵਰਨ ਵਿਚ ਦਾਖ਼ਲ ਹੁੰਦੇ ਹੀ ਦੂਸਰੀ ਆਤਮਕ ਅਵਸਥਾ ਮਹਿਸੂਸ ਹੁੰਦੀ ਹੈ। ਅਪਣਾ ਆਪ ਸੰਵਰਿਆ ਹੋਇਆ ਤੇ ਸ਼ੁਧ ਨਜ਼ਰ ਆਉਂਦਾ ਹੈ ਅਤੇ ਫੁਰਨਾ ਫੁਰਦਾ ਹੈ ਕਿ ਜੇ ਕਿਧਰੇ ਸਾਰੇ ਸੰਸਾਰ ਵਿਚ ਇਹ ਕੀਰਤਨ-ਲਹਿਰਾਂ ਚਲ ਸਕਣ ਤਾਂ ਸੱਚਮੁੱਚ ਮਨੁਖਤਾ ਸੁਖੀ ਹੋ ਜਾਏ। ਇਨ੍ਹਾਂ ਇਛਾਵਾਂ ਅਧੀਨ ਹੀ ਦੁਨੀਆ ਭਰ ਦੇ ਕੀਰਤਨ-ਪਿਆਰੇ ਇਹ ਮੰਗ ਕਰ ਰਹੇ ਹਨ ਕਿ ਇਸ ਆਤਮਕ ਠੰਢ ਦੇ ਸੋਮੇ ਤੋਂ ਕੀਰਤਨ ਸਾਰੇ ਸੰਸਾਰ ਨੂੰ ਸੁਣਾਇਆ ਜਾਵੇ, ਪਰ ਤੰਗ-ਦਿਲ ਹਿੰਦ-ਹਾਕਮਾਂ ਦੇ ਮਨਾਂ ਤੇ ਜੰਮੀ ਸ਼ੱਕ ਦੀ ਮੈਲ ਪਤਾ ਨਹੀਂ ਕਦੋਂ ਲਥੇਗੀ। ਸਾਡਾ ਦ੍ਰਿੜ੍ਹ ਨਿਸਚਾ ਹੈ ਕਿ ਸੰਸਾਰ ਭਰ ਦੇ ਪ੍ਰਾਣੀ ਉਹ ਦਿਨ ਵੇਖਣਗੇ ਕਿ ਸਾਰੀ ਦੁਨੀਆ 'ਚ ਕੀਰਤਨ-ਲਹਿਰਾਂ ਚਲਣਗੀਆਂ ਤੇ ਦੁਨੀਆ ਦੇ ਦੇਸ਼ਾਂ ਵਲੋਂ ਚਲਾਈਆਂ ਜਾ ਰਹੀਆਂ ਨਫਰਤ, ਸਾੜੇ ਤੇ ਵੈਰ-ਵਿਰੋਧ ਦੀਆਂ ਲਹਿਰਾਂ ਨੂੰ ਕਟਣਗੀਆਂ।

ਨਾਨਕੁ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥ (੨੧੪)
ਅਨੁਸਾਰ ਕੀਰਤਨ ਵਿਚ ਪ੍ਰੀਵਰਤਨ ਸ਼ਕਤੀ ਹੈ, ਉਸਾਰੂ ਸ਼ਕਤੀ ਹੈ, 'ਮਲੀਨ ਬੁਧ' ਖ਼ਤਮ ਕਰਨ ਦੀ ਸ਼ਕਤੀ ਹੈ। ਕੀਰਤਨ ਨੂੰ ਮਾਨਣ ਨਾਲ ਬੇਅੰਤ ਹਿਰਦੇ ਸ਼ਾਂਤ ਹੋਏ ਹਨ ਤੇ ਕੀਰਤਨ ਸਦਕਾ ਮਨ ਉਸ ਅਵੱਸਥਾ ਨੂੰ ਪਹੁੰਚਣ ਦੀ ਇਛਾ ਰਖਦਾ ਹੈ ਜਿਸ ਅਵਸਥਾ ਤੇ ਪੁਜ ਕੇ ਇਹ ਗੁਰਬਾਣੀ ਗਾਇਨ ਕੀਤੀ ਗਈ ਤੇ ਉਚਾਰੀ ਗਈ।



www.AKJ.Org

ਪਿਛਲੇ ਕੁਝ ਸਮੇਂ ਵਿਚ ਵਾਹਿਗੁਰੂ ਦੀ ਕਿਰਪਾ ਸਦਕਾ ਇਕ ਕੀਰਤਨ-ਕ੍ਰਾਂਤੀ ਆਈ ਹੈ। ਤੱਤ-ਕੀਰਤਨ ਦੇ ਪ੍ਰਚਾਰ ਤੇ ਸੰਚਾਰ ਦਾ ਮੁਖ ਸਿਹਰਾ ਗੁਰੂ ਪਿਆਰੇ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਗੁਰ-ਭਾਈਆਂ ਸਿਰ ਹੈ। ਆਪ ਕੀਰਤਨ ਕਰਨ ਦੀ ਲਹਿਰ, ਗੁਰਬਾਣੀ ਦੀ ਭਾਵ-ਪੂਰਤ ਸੋਝੀ ਤੇ ਗੁਰਬਾਣੀ ਅੰਦਰਲੇ ਪਿਆਰ, ਮਿਠਾਸ, ਕੁਰਬਾਨੀ ਤੇ ਨਾਮ ਜਪਣ ਦੀ ਪਰਤੱਖ ਮਿਸਾਲ ਇਨ੍ਹਾਂ ਜਥਿਆਂ ਦੇ ਕੀਰਤਨ-ਅਖਾੜਿਆਂ ਚੋਂ ਨਜ਼ਰੀ ਪੈਂਦੀ ਹੈ। ਰਾਗੀ ਜਥਿਆਂ ਦਾ ਸਿਖ ਧਰਮ ਵਿਚ ਅਹਿਮ ਰੋਲ ਰਿਹਾ ਹੈ ਤੇ ਹੁਣ ਵੀ ਹੈ, ਪਰ ਸਿਖ ਧਰਮ ਵਿਚ ਬਾਹਮਣਾਂ ਵਾਂਗ ਗੁਰੂ ਸਾਹਿਬ ਨੇ ਪੁਜਾਰੀਆਂ ਦੀ ਕੋਈ ਵਖਰੀ ਸ਼੍ਰੇਣੀ ਨਹੀਂ ਬਣਾਈ। ਪੁਜਾਰੀਆਂ ਦੇ ਲਾਲਚਵਾਦ ਨੂੰ ਗੁਰੂ ਸਾਹਿਬ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਹੁਕਮ ਕੀਤਾ ਕਿ ਹਰ ਸਿਖ ਆਪ ਕੀਰਤਨ ਕਰੇ ਤੇ ਸੁਣੇ, ਆਪ ਅਰਦਾਸ ਕਰੇ। ਇਸ ਤਰ੍ਹਾਂ ਗੁਰੂ ਮਹਾਰਾਜ ਨੇ ਮਨੁਖ ਦੇ ਜੀਵਨ ਦਾ ਧਰਮੀਕਰਣ ਕਰ ਦਿਤਾ। ਉਸ ਦੇ ਜੀਵਨ ਦੀ ਹਰ ਹਰਕਤ ਵਿਚ ਗੁਰਬਾਣੀ ਦਾ ਪ੍ਰਭਾਵ ਹੋਣਾ ਬਹੁਤ ਜ਼ਰੂਰੀ ਸੀ, ਤਾਂ ਕਿ ਕਲਜੁਗ ਦੇ ਤੱਤੇ ਝੋਲਿਆਂ ਤੋਂ ਬਚਾ ਕੇ ਪ੍ਰਾਣੀ ਮਾਤਰ ਦੇ ਜੀਵਨ ਵਿਚ ਸਚ ਭਰਿਆ ਜਾ ਸਕੇ ਤੇ ਇਸ ਸਭ ਕੁਝ ਲਈ ਕੀਰਤਨ ਦਾ ਰੋਲ ਅਹਿਮ ਹੈ, ਪ੍ਰਧਾਨ ਹੈ, ਸ੍ਰੇਸ਼ਟ ਹੈ :—

ਕਲਜੁਗ ਮਹਿ ਕੀਰਤਨ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ॥ (੧੦੭੫-੭੬)

ਅਤੇ——ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ (੮੯੩)

ਨਾਨਕ ਸੁਖੁ ਪਾਇਆ ਹਰਿ ਕੀਰਤਨਿ, ਮਿਟਿਓ ਸਗਲ ਕਲੇਸਾ ॥ (੨੧੩)

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ (੬੨੪)

ਕੀਰਤਨ ਨਾਲ ਲਗਾਉ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ :—

ਕੀਰਤਨ ਨਾਮੁ ਸਿਮਰਤ ਰਹਉ, ਜਗ ਲਗੁ ਘਟਿ ਸਾਸੁ ॥੧॥ ਰਹਾਉ ॥ (੮੧੮)

ਗੱਲ ਕੀ, 'ਗੁਰਬਾਣੀ ਦਾ ਕੀਰਤਨ' ਧਿਅਨ ਲਾ ਕੇ, ਸੁਰਤੀ ਜੋੜ ਕੇ ਸੁਣਨ ਤੇ ਮੰਨਣ ਨਾਲ ਜਨਮਾਂ ਜਨਮਾਂਤਰਾਂ ਦੇ ਸ਼ੰਕੇ, ਵਹਿਮ, ਭਰਮ, ਭੁਲੇਖੇ ਤੇ ਭਟਕਣਾ ਆਦਿ ਝਾੜ-ਪੂੰਜ ਦੇਣ ਤੇ ਲਾਹ ਸੁਟਣ ਦੀ ਸਮਰਥਾ ਰਖਦਾ ਹੈ। ਤੇ ਇਸ ਦਾ ਕੋਈ ਬਦਲ ਨਹੀਂ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਰਬੱਤ ਦੇ ਭਲੇ ਦੀ ਵਿਚਾਰਾ-ਧਾਰਾ ਦਾ ਪ੍ਰਚਾਰ ਕਰਨ ਹਿਤ ਕੀਤੇ ਜਾ ਰਹੇ ਉਪਰਾਲਿਆਂ ਵਿਚੋਂ ਸਭ ਤੋਂ ਸ੍ਰੇਸ਼ਟ ਉਪਰਾਲਾ ਵਿਦਿਆਰਥੀਆਂ ਵਿਚ ਕੀਰਤਨ ਨੂੰ ਹਰ-ਮਨ ਪਿਆਰਾ ਬਣਾ ਦੇਣਾ ਹੈ। ਕਾਲਜਾਂ, ਸਕੂਲਾਂ ਤੇ ਯੂਨੀਵਰਸਿਟੀਆਂ ਦੇ ਜਿਨ੍ਹਾਂ ਹਾਲਾਂ ਤੇ ਆਡੀਟੋਰੀਅਮਾਂ ਵਿਚ ਪਹਿਲਾਂ ਨਾਚ-ਗਾਣੇ ਹੀ ਹੁੰਦੇ ਸਨ, ਹੁਣ ਉਨ੍ਹਾਂ ਵਿਚ ਕੀਰਤਨ ਦੀਆਂ ਉਸਾਰੂ ਤੇ ਮਿਠੀਆਂ ਮਧੁਰ ਧੁੰਨਾਂ ਗੂੰਜਦੀਆਂ ਹਨ। ਹਜ਼ਾਰਾਂ ਨੌਜੁਆਨ ਕੀਰਤਨ ਸੁਣਨ ਤੇ ਆਪ ਕਰਨ ਦੀ ਇਛਾ ਰਖਦੇ ਹਨ।

ਅਖੀਰ ਵਿਚ ਅਰਦਾਸ ਹੈ ਕਿ ਸੰਸਾਰ ਦੇ ਹਰੇਕ ਪ੍ਰਾਣੀ ਨੂੰ ਕੀਰਤਨ ਦੀ ਦਾਤਿ ਬਖਸ਼ਿਸ਼ ਹੋਵੇ ਤੇ ਸਾਰਾ ਸੰਸਾਰ ਗਾਉਂਦਾ ਦਿਸੇ—

ਤਹਾ ਬੈਕੁੰਠੁ ਜਹ ਕੀਰਤਨ ਤੇਰਾ, ਤੂੰ ਆਪੇ ਸਰਧਾ ਲਾਇਹਿ ॥੨॥ (੭੪੯)

---

# ਗੁ: ਫਲਾਹੀ ਸਾਹਿਬ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਪਿੰਡ ਦੁਲੇਂ ਗੁਰਦਵਾਰਾ ਫਲਾਹੀ ਸਾਹਿਬ ਪਾ: ੧੦ ਵਿਖੇ ੯ ਅਗਸਤ ਸ਼ਨੀਵਾਰ ਦੀ ਰਾਤ ਨੂੰ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਸਤਸੰਗ ਦੇ ਅਨੰਦ ਮਾਣੋ। ਪਿੰਡ ਦੁਲੇਂ ਲੁਧਿਆਣਾ—ਅਹਿਮਦਗੜ੍ਹ ਰੋਡ ਦੇ ਨਹਿਰ ਕੈਂਤ ਦੇ ਪੁਲ ਤੇ ਉਤਰੋ ਤਾਂ ਇਕ ਕਿਲੋ ਮੀਟਰ ਹੈ। ਲੁਧਿਆਣਾ—ਧੂਰੀ ਦੇ ਵਿਚਕਾਰ ਸਟੇਸ਼ਨ ਜਸੋਵਾਲ ਤੋਂ ਡੇਢ ਕਿਲੋ ਮੀਟਰ ਹੈ।

ਪੁਛ ਗਿਛ—ਮਾ: ਉਜਾਗਰ ਸਿੰਘ ਖ਼ਾਲਸਾ ਫਰਵਾਲੀ, P.O. ਲੋਹਟਬਦੀ (ਸੰਗਰੂਰ)



www.AKJ.Org

# ਜਿਨੀ ਗੁਰਮੁਖਿ ਨਾਮੁ ਧਿਆਇਆ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਮਨਾਉਂਦਿਆਂ ੬ ਜੁਲਾਈ ੮੦ ਨੂੰ ਲੁਧਿਆਣੇ ਵਿਖੇ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਦੇ ਭੋਗ ਪਏ ਅਤੇ ਅੰਮ੍ਰਿਤ-ਬਾਣੀ ਸ੍ਰੀ ਆਸਾ ਦੀ ਵਾਰ ਦੀਆਂ ਕੀਰਤਨ-ਧੁਨੀਆਂ ਗੂੰਜ ਉਠੀਆਂ। ਗੁਰੂ-ਪਿਆਰੇ ਗੁਰਮੁਖ ਵੀਰਾਂ-ਭੈਣਾਂ ਨੇ ਗੁਰੂ-ਚਰਨਾਂ ਵਿਚ ਜੁੜ ਕੇ ਕੀਰਤਨ ਦੀਆਂ ਗੂੰਜਾਂ ਗੂੰਜਾਂਦਿਆਂ ਦੁਪਹਿਰਾ ਕਰ ਦਿਤਾ।

ਦੀਵਾਨ-ਹਾਲ ਅੰਦਰ ਬਾਹਰ ਖਚਾ-ਖਚ ਸੰਗਤਾਂ ਨਾਲ ਭਰਪੂਰ ਸੀ। ਸਵਾ ਬਾਰ੍ਹਾਂ ਕੁ ਵਜੇ ਗੁਰੂ-ਨਿਵਾਜੇ ਵੀਰ ਜੀ ਕੀਰਤਨ ਲਈ ਵਾਜੇ ਤੇ ਬੈਠੇ ਅਤੇ ਉਨ੍ਹਾਂ ਦੋ ਵਜੇ ਦੁਪਹਿਰ ਤਕ ਆਸਾ ਦੀ ਵਾਰ ਦੇ ਆਖ਼ਰੀ ਤਿੰਨ ਛੱਕੇ ਲਾਏ। ਅੰਮ੍ਰਿਤ-ਮਈ ਬਾਣੀ ਦੇ ਕੀਰਤਨ ਦੁਆਰਾ ਐਸੀ ਅਗਾਧ ਬੋਧ ਕਲਾ ਵਰਤ ਰਹੀ ਸੀ ਕਿ ਵਕਤ ਦੀਆਂ ਪਾਬੰਦੀਆਂ ਵੀ ਸੰਗਤਾਂ ਭੁਲ ਗਈਆਂ।

੨੨ਵੇਂ ਛੱਕੇ "ਜਿਨੀ ਗੁਰਮੁਖਿ ਨਾਮੁ ਧਿਆਇਆ" ਦੇ ਉਚਾਰਨ ਤੋਂ ਪਹਿਲਾਂ ਭਾਈ ਸਾਹਿਬ ਜੀ ਨੇ, ਗੁਰਮੁਖਿ ਨਾਮ-ਧਿਆਉਣ ਹਾਰਿਆਂ ਹਰੀ-ਜਨਾਂ ਦੀ ਨੂਰਾਨੀ ਦਸ਼ਾ ਜੋ ਗੁਰਬਾਣੀ ਵਿਚ ਨਿਰੂਪਣ ਕੀਤੀ ਹੋਈ ਹੈ, ਉਸ ਨੂੰ ਵਖ ਵਖ ਸ਼ਬਦਾਂ ਰਾਹੀਂ ਗੁਰਸਿਖ-ਸਿਖ ਸੰਗਤਾਂ ਨਾਲ ਮਿਲ ਕੇ ਗਾਇਨ ਕੀਤਾ। ਅੰਮ੍ਰਿਤ ਬਾਣੀ ਦਾ ਜੋ ਅਸਚਰਜ ਰੰਗ ਬੱਝ ਰਿਹਾ ਸੀ, ਉਹ ਉਥੇ ਬਿਰਾਜ ਰਹੀਆਂ ਗੁਰਸਿਖ ਸੰਗਤਾਂ ਹੀ ਪ੍ਰਤੀਤ ਕਰ ਸਕਦੀਆਂ ਹਨ। ਉਸ ਰੰਗ-ਰਸ ਨੂੰ—

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥*

ਦੇ ਮਹਾਂ ਵਾਕ ਅਨੁਸਾਰ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਹੇਠਾਂ ਉਹ ਸ਼ਬਦ ਦੇ ਰਹੇ ਹਾਂ, ਜਿਨ੍ਹਾਂ ਦਾ ਬਿਸਮਾਦੀ ਰੰਗ ਉਸ ਸਮੇਂ ਸੰਗਤਾਂ ਨੇ ਮਾਣਿਆ। ਉਨ੍ਹਾਂ ਸ਼ਬਦਾਂ ਤੋਂ ਪਹਿਲਾਂ ਹੇਠਾਂ ਇਸ਼ਾਰੇ ਮਾਤਰ ਉਨ੍ਹਾਂ ਦਾ ਸਾਰੰਸ਼ ਦਿਤਾ ਜਾ ਰਿਹਾ ਹੈ।

(੧) ਪਹਿਲੇ ਸ਼ਬਦ ਵਿਚ ਦਸਿਆ ਗਿਆ ਹੈ ਕਿ 'ਹਰਿ ਜਨ, ਹਰੀ ਦੇ ਲੋਕ ਨਾਮ-ਅਭਿਆਸ ਕਮਾਈਆਂ ਦੇ ਤੁਫ਼ੈਲ ਸਦਾ ਹਰੀ-ਪ੍ਰਭੂ ਜੀ ਦੇ ਅੰਗ-ਸੰਗ ਵਸਦੇ ਹਨ। ਉਹ ਆਪਣਾ ਤਨ ਮਨ ਤੇ ਸਾਰਾ ਕੁਝ ਜੋ ਵੀ ਉਨ੍ਹਾਂ ਪਾਸ ਹੁੰਦਾ ਹੈ, ਪ੍ਰਭੂ ਦੇ ਅਰਪਣ ਕਰ ਕੇ, ਅਨੰਦ ਮਗਨ ਹੋਇ ਸਹਿਜ ਬਿਵਸਥਾ ਵਿਚ ਟਿਕ ਕੇ, ਨਾਮ ਦੀਆਂ ਧੁਨੀਆਂ ਵਿਚ ਮਖ਼ਮੂਰ ਹੋਏ ਰਹਿੰਦੇ ਹਨ। ਉਹ ਪ੍ਰਭੂ ਦੇ ਦਰਸ਼ਨ ਪੇਖ ਪੇਖ ਸੰਸਾਰਕ ਵਿਸ਼ੇ ਵਿਕਾਰਾਂ ਤੋਂ ਬਚ ਖਲੋਂਦੇ ਹਨ ਅਤੇ ਪ੍ਰਭੂ ਦੇ ਬਿਸਮਾਦੀ ਰੰਗਾਂ ਵਿਚ ਹੀ ਦੁਨੀਆ ਦੇ ਸਾਰੇ ਪਦਾਰਥ ਪਾ ਲੈਂਦੇ ਹਨ। ਉਨ੍ਹਾਂ ਨੂੰ ਪ੍ਰਭੂ ਜੀ ਦੇ ਸੁੰਦਰ ਚਮਤਕਾਰੀ ਦਰਸ਼ਨਾਂ ਤੋਂ ਬਿਨਾਂ ਹੋਰ ਕਿਸੇ ਪਦਾਰਥ ਦੀ ਅਕਾਂਖਿਆ ਨਹੀਂ ਹੁੰਦੀ। ਸੰਸਾਰੀ ਜੀਵ ਤਾਂ ਸ਼ਿਆਮ ਸੁੰਦਰ ਪ੍ਰਭੂ ਨੂੰ ਛਡ ਕੇ ਕੋਹੜੀ ਦੀਆਂ ਜੋਕਾਂ ਵਾਂਗ ਸੰਸਾਰੀ ਪਦਾਰਥਾਂ ਨੂੰ ਚੰਬੜੇ ਰਹਿੰਦੇ ਹਨ, ਪਰ ਪ੍ਰਭੂ ਦੇ ਪਿਆਰਿਆਂ ਦੇ ਮਨ ਦੀਆਂ ਵਾਗਾਂ ਪ੍ਰਭੂ ਨੇ ਆਪਣੇ ਹੱਥ ਵਿਚ ਲੈ ਲਈਆਂ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਮਨ ਨਾਮ-ਨਾਮੀ ਵਿਚ ਸਦਾ ਮਖ਼ਮੂਰ ਰਹਿੰਦਾ ਹੈ, ਮਾਨੋ ਸਚਖੰਡ ਵਿਚ ਵਸਦਾ ਹੈ।

(੨) ਦੂਜੇ ਸ਼ਬਦ ਵਿਚ ਦਸਿਆ ਹੋਇਆ ਹੈ ਕਿ ਜਿਨ੍ਹਾਂ ਗੁਰਮਖਾਂ ਨੂੰ ਪ੍ਰਭੂ ਦਾ ਨਾਮ ਮਿਠਾ ਲਗਾ ਹੈ ਓਹੀ ਹਰੀ ਦੇ ਪਿਆਰੇ ਹੀ ਸਹੀ ਅਰਥਾਂ ਵਿਚ ਉਤਮ ਹਨ, ਵਡੇ ਹਨ। ਉਨ੍ਹਾਂ ਨੂੰ ਨਾਮ ਦੀ ਹੀ ਵਡਿਆਈ ਤੇ ਨਾਮ ਦੀ ਹੀ ਮਿਤ੍ਰਾਈ ਹੁੰਦੀ ਹੈ। ਉਹ ਵਡਭਾਗੇ ਸਭ ਕਿਸੇ ਤੋਂ ਪੂਰਨ ਤੌਰ ਤੇ ਨਿਰਲੇਪ ਰਹਿ ਕੇ ਨਾਮ-ਗੁਰ-ਸ਼ਬਦ ਦੇ ਰਸ ਨੂੰ ਭੋਗਦੇ-ਭੁੰਚਦੇ ਹਨ। ਸਤਿਗੁਰੂ ਦੇ ਬਖਸ਼ੇ ਹੋਏ ਨਾਮ ਨੂੰ ਭੁੰਚਣਹਾਰੇ ਅਜਿਹੇ ਗੁਰਮੁਖ

*ਰਾਮਕਲੀ ਮਹਲਾ ੫, ਪੰਨਾ ੮੮੩ ਹੇਠ



www.AKJ.Org

ਹੀ ਸਹੀ ਅਰਥਾਂ ਵਿਚ ਸਤਿ ਪੁਰਖ ਹਨ ਅਤੇ ਉਹ ਧੰਨਤਾ ਯੋਗ ਹਨ। ਅਜਿਹੇ ਪੁਰਖ ਸੋਗ ਵਿਜੋਗ ਤੋਂ ਮੁਕਤ ਹੁੰਦੇ ਹਨ। ਅਜਿਹੇ ਨਾਮ ਨੂੰ ਪਿਆਰਨ ਵਾਲੇ ਮਹਾਂ ਪੁਰਸ਼ਾਂ ਦੀ ਸਤਿਗੁਰੂ ਜੀ ਧੂੜੀ ਦੀ ਜਾਚਨਾ ਕਰ ਕੇ ਸਾਨੂੰ ਜਗਿਆਸੂਆਂ ਨੂੰ ਗੁਰਮੁਖ ਗੁਰਸਿਖਾਂ ਅਗੇ ਨਿਵ ਚਲਣ ਦੀ ਸੇਧ ਬਖਸ਼ਦੇ ਹਨ।

(੩) ਤੀਜੇ ਸ਼ਬਦ ਵਿਚ ਵੀ ਸਤਿਗੁਰੂ ਜੀ ਅਜਿਹੇ ਵਿਰਲੇ ਵਡਭਾਗੇ ਪੁਰਸ਼ ਤੋਂ ਬਲਿਹਾਰਨੇ ਜਾਂਦੇ ਹਨ ਜੋ ਨਾਮ-ਅਭਿਆਸ ਕਮਾਈ ਦੀ ਸੱਚੀ ਸੇਵਾ ਵਿਚ ਲਗਦਾ ਹੈ ਅਤੇ ਸਤਿਗੁਰੂ ਨੂੰ ਭੇਟ ਕੇ ਉਸ ਦਾ ਹਿਰਦਾ-ਕੌਲ ਖਿੜ ਜਾਂਦਾ ਹੈ। ਉਹ ਇਸ ਨਾਮ-ਸਿਮਰਨ ਦੀ ਕਮਾਈ ਵਿਚ ਦਿਨ ਰਾਤ ਸਾਵਧਾਨ ਰਹਿੰਦਾ ਹੈ। ਅਜਿਹੇ ਪੁਰਸ਼ ਦੇ ਪ੍ਰਭੂ ਦੇ ਚਰਨ ਕਮਲਾਂ ਵਿਚ ਜੁੜਨ ਕਰਕੇ ਸਭ ਭਰਮ-ਭਉ ਭਜ ਜਾਂਦੇ ਹਨ, ਉਹ ਗੁਰੂ ਉਪਦੇਸ਼ ਪ੍ਰਾਪਤ ਕਰ ਕੇ ਪ੍ਰਭੂ-ਰੰਗ ਮਾਣਦਾ ਹੋਇਆ ਆਪਣੇ ਆਪ ਤੇ ਕਾਬੂ ਪਾ ਲੈਂਦਾ ਹੈ ਅਤੇ ਕਲਜੁਗ ਵਿਚ ਪੁਗ ਖਲੋਂਦਾ ਹੈ। ਸਤਿਗੁਰੂ ਦੀ ਬਖਸ਼ੀ ਸੰਗਤ ਦੀ ਬਦੌਲਤ ਨਾਮ-ਅਭਿਆਸ-ਕਮਾਈ ਸਦਕਾ ਉਹ ਨਿਰਮਲ ਹੋ ਜਾਂਦਾ ਹੈ ਅਤੇ ਉਸ ਲਈ ਨਾਮ-ਸਿਮਰਨ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

(੪) ਜਿਹੜੇ ਨਾਮ-ਅਭਿਆਸੀ ਗੁਰਮੁਖ ਪਿਆਰੇ ਪ੍ਰਭੂ ਦਾ ਓਤਿ ਪੋਤਿ ਦਰਸ਼ਨ-ਦੀਦਾਰ ਮਾਣਦੇ ਹਨ, ਉਹ ਸੱਚੀ ਦਰਗਾਹ ਵਿਚ ਕਬੂਲ ਪੈ ਜਾਂਦੇ ਹਨ, ਸਤਿਗੁਰੂ ਉਨ੍ਹਾਂ ਤੋਂ ਕੁਰਬਾਨ ਥੀਂਦੇ ਹਨ। ਅਜਿਹੇ ਰੰਗ-ਰਾਤੇ ਪਰਧਾਨ ਪੁਰਖ ਹੀ ਪ੍ਰਭੂ ਵਲੋਂ ਪਰਵਾਨ ਥੀਂਦੇ ਹਨ। ਅਜਿਹੇ ਪੁਰਖ ਜਿਥੇ ਸਹਿਜ ਅਵਸਥਾ ਵਿਚ ਗੜੂੰਦ ਹੋਇ ਹਰਿ-ਰਸ ਨਾਲ ਤ੍ਰਿਪਤਾਸ ਰਹੇ ਹੁੰਦੇ ਹਨ ਉਥੇ ਉਹ ਹਰੇਕ ਹਿਰਦੇ ਵਿਚ, ਪ੍ਰਾਣੀ ਮਾਤਰ ਵਿਚ ਉਸ ਪ੍ਰਭੂ ਦੇ ਦੀਦਾਰੇ ਕਰਦੇ ਹਨ। ਅਜਿਹੇ ਪ੍ਰਭੂ ਨੂੰ ਭਾਏ ਹੋਏ ਹੀ ਅਸਲੀ ਸਜਣ ਹਨ, ਅਸਲੀ ਸੰਤ ਹਨ ਤੇ ਸਹੀ ਰੂਪ ਵਿਚ ਸੁਖੀਏ ਹਨ।

(੫) ਮਿਠੇ ਅੰਮ੍ਰਿਤ-ਨਾਮ ਨੂੰ ਚਖਣ ਹਾਰਿਆਂ ਅਤੇ ਪਿਆਰੇ ਪ੍ਰਭੂ ਦੇ ਦਰਸ਼ਨ ਪਰਸਨ ਹਾਰਿਆਂ ਤੋਂ ਹੀ ਸਤਿਗੁਰੂ ਜੀ ਖੰਨੀਏ ਵਾਰਨੇ ਹੋ ਰਹੇ ਹਨ। ਅਜਿਹੇ ਜਨਾਂ ਦੇ ਮਨਾਂ ਵਿਚ ਨਾਮ-ਅੰਮ੍ਰਿਤ-ਰਸ ਮਿੱਠਾ ਲਗਦਾ ਹੈ, ਪ੍ਰਭੂ ਉਨ੍ਹਾਂ ਤੇ ਤਰੁੱਠਦਾ ਹੈ ਅਤੇ ਉਹ ਅੰਮ੍ਰਿਤ-ਗਟਾਕ-ਰਸ ਭੁੰਚ ਭੁੰਚ ਕੇ ਸੁਖ ਮਾਣਦੇ ਹਨ ਜਗਦੀਸ ਪ੍ਰਭੂ ਨੂੰ ਜਪ ਜਪ ਕੇ ਤੇ ਜੁਹਾਰਾਂ ਕਰ ਕਰ ਕੇ ਉਨ੍ਹਾਂ ਦੇ ਤਨ ਤੋਂ ਦੁਖ ਤੇ ਭਰਮ ਨਸ ਜਾਂਦੇ ਹਨ, ਉਨ੍ਹਾਂ ਦੇ ਦੁਨਿਆਵੀ ਮੋਹ ਚੁਕ ਜਾਂਦੇ ਹਨ, ਵਿਕਾਰ ਉਨ੍ਹਾਂ ਤੋਂ ਨਠ ਜਾਂਦੇ ਹਨ ਅਤੇ ਪੰਜੇ ਕਾਮ ਕ੍ਰੋਧ ਆਦਿਕ ਵੀ ਉਨ੍ਹਾਂ ਦਾ ਖਹਿੜਾ ਛਡ ਜਾਂਦੇ ਹਨ।

(੬) ਸਹੀ ਅਰਥਾਂ ਵਿਚ ਪੂਰੇ ਸਾਹ ਉਹੀ ਗੁਰਮੁਖ ਹੁੰਦੇ ਹਨ ਜਿਹੜੇ ਕਿ ਸੱਚੇ ਨਾਮ-ਧਨ ਦਾ ਵਣਜ-ਵਪਾਰ ਕਰਦੇ ਹਨ। ਅਜਿਹੇ ਨਾਮ ਦੇ ਵਪਾਰੀਆਂ ਪਾਸ ਨਾਮ ਦਾ ਅਖੁਟ ਖਜ਼ਾਨਾ ਹੁੰਦਾ ਹੈ ਅਤੇ ਉਹ ਸਦਾ ਹਰਿ-ਨਾਮ-ਕੀਰਤਨ ਦਾ ਲਾਭ ਖਟਦੇ ਰਹਿੰਦੇ ਹਨ। ਐਸੇ ਪ੍ਰਭੂ-ਪਿਆਰ ਵਿਚ ਜੁੜੇ ਹੋਏ ਪੁਰਸ਼ਾਂ ਨੂੰ ਕਾਮ ਕ੍ਰੋਧ ਆਦਿਕ ਵਿਆਪ ਹੀ ਨਹੀਂ ਸਕਦੇ, ਕਿਉਂਕਿ ਉਹ ਕੇਵਲ ਇਕ ਪ੍ਰਭੂ ਨੂੰ ਹੀ ਜਾਣਦੇ ਹਨ ਤੇ ਇਕ ਪ੍ਰਭੂ ਨੂੰ ਹੀ ਪਛਾਣਦੇ ਹਨ। ਸੰਤ ਸਤਿਗੁਰੂ ਦੀ ਸ਼ਰਨ ਵਿਚ ਲਗ ਕੇ ਉਨ੍ਹਾਂ ਦੇ ਅੰਦਰ ਸਦਾ ਹੀ ਨਾਮ-ਸਿਮਰਨ ਦਾ ਚਾਅ ਉਮਾਹ ਬਣਿਆ ਰਹਿੰਦਾ ਹੈ।

(੭) ਜਿਨ੍ਹਾਂ ਗੁਰੂ-ਪਿਆਰਿਆਂ ਪਾਸ ਸੱਚੇ ਨਾਮ ਦੀ ਰਾਸ-ਪੂੰਜੀ ਹੁੰਦੀ ਹੈ ਓਹੋ ਹੀ ਸ਼ਾਹ ਸਮਝੋ ਅਤੇ ਓਹੀ ਭਾਗਾਂ ਵਾਲੇ ਜਾਣੋ ਅਤੇ ਕੇਵਲ ਅਜਿਹੇ ਗੁਰਮੁਖ ਸੰਤ ਜਨਾਂ ਰਾਹੀਂ ਹੀ ਸੱਚ ਤੇ ਸੁੱਚ ਦੀ ਪ੍ਰਾਪਤੀ ਹੋ ਸਕਦੀ ਹੈ।

(੮) ਇਸ ਸ਼ਬਦ ਵਿਚ ਦਸਿਆ ਹੈ ਕਿ ਓਹੋ ਗੁਰੂ ਕੇ ਲਾਲ ਗੁਰਮੁਖ ਪਿਆਰੇ ਵਡਭਾਗੀ ਜਨ ਹਨ ਜੋ ਆਪਣੇ ਸਤਿਗੁਰੂ ਨੂੰ ਸੇਵਦੇ ਰਹਿੰਦੇ ਹਨ। ਜਿਨ੍ਹਾਂ ਗੁਰਮੁਖਾ ਨੇ ਆਪਣਾ ਮਨ ਮਾਰਿਆ ਹੁੰਦਾ ਹੈ, ਕੇਵਲ ਓਹੀ ਪੁਰਖ ਹੀ ਸੰਸਾਰਕ ਪਦਾਰਥਾਂ ਦੀ ਖਿਚ ਤੋਂ ਅਤੀਤ ਰਹਿੰਦੇ ਹਨ। ਅਜਿਹੇ ਗੁਰਮੁਖਾਂ ਦੀ ਮਤਿ ਨਾਮ ਵਿਚ ਅਤਿਸੈ ਕਰ ਕੇ ਟਿਕੀ ਹੋਣ ਕਰਕੇ ਨਿਹਚਲ ਹੋ ਜਾਂਦੀ ਹੈ ਅਤੇ ਉਹ ਸਹਿਜ-ਰੰਗਾਂ ਵਿਚ ਸਦਾ ਨਾਮ ਵਖਾਣਦੇ



www.AKJ.Org

ਰਹਿੰਦੇ ਹਨ । ਮਨਮੁਖ ਤਾਂ ਇਸਤ੍ਰੀ ਦੀ ਪ੍ਰੀਤ ਤੇ ਮਾਇਆ ਦੇ ਮੋਹ ਵਿਚ ਸਦਾ ਸੁਤੇ ਰਹਿਣ ਕਰਕੇ ਖੋਟੇ ਭਾਗਾਂ ਵਾਲੇ ਹਨ, ਪਰ ਸਹਿਜ-ਅਵਸਥਾ ਵਿਚ ਜੁੜ ਕੇ ਸਤਿਗੁਰੂ ਨੂੰ ਸੇਵਣਹਾਰੇ ਸਹੀ ਅਰਥਾਂ ਵਿਚ ਵਡਿਆਂ ਭਾਗਾਂ ਵਾਲੇ ਹਨ ।

(੯) ਇਸ ਅੰਤਲੇ ਸ਼ਬਦ ਵਿਚ ਕੀਰਤਨ ਵਿਚ ਜੁੜੇ ਪਿਆਰੇ ਦੀ ਜਾਚਨਾ ਹੈ ਕਿ ਜਿਹੜੇ ਗੁਰਮੁਖ ਸਾਧੂ ਜਨ ਇਕ ਪ੍ਰਭੂ ਦੇ ਗੁਣ ਗਾਉਂਦੇ ਹਨ ਅਤੇ ਅਪਾਰ ਪ੍ਰਭੂ ਦੇ ਨਾਮ ਰੰਗਾਂ ਵਿਚ ਰਤੇ ਰਹਿੰਦੇ ਹਨ, ਅਤੇ ਜਿਹੜਾ ਨਾਮ ਲੋਕ ਪਰਲੋਕ ਵਿਚ ਉਨ੍ਹਾਂ ਦਾ ਸਹਾਈ ਹੁੰਦਾ ਹੈ, ਉਸੇ ਪ੍ਰਭੂ-ਨਾਮ ਦਾ ਮੈਂ ਗਰੀਬ ਨੂੰ ਵੀ ਆਸਰਾ ਹੈ । ਉਸੇ ਨਾਮ ਦੀ ਰੋਜ਼ੀ ਦੀ ਖੱਟੀ-ਕਮਾਈ ਕਰਨ ਦੀ ਲਾਲਸਾ ਹੈ ਅਤੇ ਉਸੇ ਇਕੋ ਨਾਮ ਨੂੰ ਸੰਚਣ ਦੀ ਭੁਖ ਹੈ ।

ਨਾਮ ਦੇ ਸਿਮਰਨਹਾਰੇ ਸਾਧੂ ਗੁਰਮੁਖਾਂ ਦੀ ਸੋਭਾ ਇਸੇ ਗੱਲ ਵਿਚ ਹੁੰਦੀ ਹੈ ਕਿ ਉਨ੍ਹਾਂ ਦੇ ਅੰਦਰ ਅਤਿ ਦਰਜੇ ਦੀ ਮਸਕੀਨੀ ਗਰੀਬ ਹੁੰਦੀ ਹੈ, ਉਨ੍ਹਾਂ ਦੀ ਵਡਿਆਈ ਇਹੋ ਹੈ ਕਿ ਉਹ ਸਦਾ ਹਰਿ ਨਾਮ-ਰਸ ਨੂੰ ਚੀਨਦੇ ਹਨ । ਅਜਿਹੇ ਸੰਤ-ਭਗਤ ਜਨ ਪ੍ਰਭੂ ਦੀ ਭਗਤੀ ਵਿਚ ਸਭ ਤਰ੍ਹਾਂ ਦੀ ਚਿੰਤਾ ਮਿਟਾ ਕੇ ਨਾਮ-ਭਗਤੀ ਵਿਚ ਸੁਖ ਮਾਣਦੇ ਹਨ ।

ਅਜਿਹੇ ਸਾਧ ਸੰਤ ਗੁਰਮੁਖ ਜਨ ਜਿਥੇ ਇਕੱਠੇ ਹੁੰਦੇ ਹਨ ਉਥੇ ਉਹ ਹਰਿ-ਨਾਮ-ਜਸ ਦੀ ਸਿਫਤ-ਸਲਾਹ ਦੀਆਂ ਗੂੰਜਾਂ ਹੀ ਗੁੰਜਾਉਂਦੇ ਹਨ । ਇਸ ਤਰ੍ਹਾਂ ਦੀ ਜੁੜੀ ਸਾਧ ਸੰਗਤ ਵਿਚ ਹੀ ਅਨੰਦ ਦਾ ਨਿਵਾਸ ਹੁੰਦਾ ਹੈ । ਪਰ ਅਜਿਹੇ ਗੁਰਮੁਖਾਂ ਦੀ ਸੰਗਤ ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਪੂਰਬਲੇ ਭਾਗ ਉਦੇ ਹੁੰਦੇ ਹਨ ।

ਅੰਤ ਵਿਚ ਦੋਵੇਂ ਹੱਥ ਜੋੜ ਕੇ ਗੁਣਾਂ ਦੇ ਭੰਡਾਰ ਪ੍ਰਭੂ ਦੇ ਚਰਨਾਂ ਨੂੰ ਧੋ ਕੇ ਬੇਨਤੀ ਕੀਤੀ ਹੈ ਕਿ ਹੇ ਦਿਆਲੂ ਕਿਰਪਾਲ ਪ੍ਰਭੂ ! ਜਿਹੜੇ ਤੇਰੀ ਹਜ਼ੂਰੀ ਵਿਚ ਰਹਿਣ ਵਾਲੇ ਸੰਤ ਗੁਰਮੁਖ ਹਨ, ਉਨ੍ਹਾਂ ਦੀ ਧੂੜੀ ਪ੍ਰਾਪਤ ਕਰ ਕੇ ਦਾਸ ਨਾਨਕ ਜੀਉਂਦਾ ਹੈ ।

ਹੁਣ ਗੁਰਬਾਣੀ ਦੇ ਸ਼ਬਦਾਂ ਦਾ ਉਚਾਰਨ ਕਰ ਕੇ ਰਸ ਮਾਣੋ ਜੀ :-

(੧)

ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭ ਅਰਪਿਓ, ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥
ਦਰਸਨੁ ਪੇਖਿ ਭਏ ਨਿਰਬਿਖਈ, ਪਾਏ ਹੈ ਸਗਲੇ ਥੋਕ ॥
ਆਨ ਬਸਤੁ ਸਿਉ ਕਾਜੁ ਨ ਕਛੂਐ, ਸੁੰਦਰ ਬਦਨ ਅਲੋਕ ॥੧॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ, ਜਿਉ ਕੁਸਟੀ ਤਨਿ ਜੋਂਕ ॥
ਸੂਰਦਾਸ ਮਨ ਪ੍ਰਭਿ ਹਥਿ ਲੀਨੋ, ਦੀਨੋ ਇਹੁ ਪਰਲੋਕ ॥੨॥੧॥੮॥

[ਸਾਰੰਗ ਮ: ੫ ਸੂਰਦਾਸ-੧੨੫੩

(੨)

ਜਿਨ੍ਹ ਹਰਿ ਮੀਠ ਲਗਾਨਾ, ਤੇ ਜਨ ਪਰਧਾਨਾ, ਤੇ ਊਤਮ ਹਰਿ ਹਰਿ ਲੋਗ ਜੀਉ ॥
ਹਰਿ ਨਾਮ ਵਡਾਈ, ਹਰਿ ਨਾਮ ਸਖਾਈ, ਗੁਰ ਸਬਦੀ ਹਰਿ ਰਸ ਭੋਗ ਜੀਉ ॥
ਹਰਿ ਰਸ ਭੋਗ ਮਹਾ ਨਿਰਜੋਗ, ਵਡਭਾਗੀ ਹਰਿ ਰਸੁ ਪਾਇਆ ॥
ਸੇ ਧੰਨੁ ਵਡੇ ਸਤਪੁਰਖਾ ਪੂਰੇ, ਜਿਨ ਗੁਰਮਤਿ ਨਾਮੁ ਧਿਆਇਆ ॥
ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ, ਮਨਿ ਚੂਕਾ ਸੋਗੁ ਵਿਜੋਗੁ ਜੀਉ ॥
ਜਿਨ੍ਹ ਹਰਿ ਮੀਠ ਲਗਾਨਾ, ਤੇ ਜਨ ਪਰਧਾਨਾ, ਤੇ ਊਤਮ ਹਰਿ ਹਰਿ ਲੋਗ ਜੀਉ ॥੪॥੩॥੧੦॥

[ਆਸਾ ਛੰਤ ਮ: ੪—੪੪੫



www.AKJ.Org

(੩)

ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ ॥
ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ ॥
ਲਗਾ ਰੰਗੁ ਚਰਣਾਰਬਿੰਦ ਸਭੁ ਭ੍ਰਮੁ ਭਉ ਭਾਗਾ ॥
ਆਤਮੁ ਜਿਤਾ ਗੁਰਮਤੀ ਆਗੰਜ ਤਪਾਗਾ ॥
ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ ॥
ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ ॥
ਜਿਸੁ ਪ੍ਰਭੁ ਮਿਲਿਆ ਆਪਣਾ ਸੋ ਪੁਰਖ ਸਭਾਗਾ ॥
ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡੁ ਭਾਗਾ ॥ ੧੭ ॥

[ਵਾਰ ਰਾਮਕਲੀ ਮ: ੫—੯੬੪-੬੫

(੪)

ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥
ਸੇ ਸਾਚੀ ਦਰਗਹ ਭਾਣੇ ਰਾਮ ॥
ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥
ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥
ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਆਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥

[ਵਡਹੰਸ ਮ: ੫ ਛੰਤ—੫੭੭

(੫)

ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥
ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤ ਮੀਠਾ ਰਾਮ ॥
ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥
ਦੁਖ ਨਾਸ ਭਰਮ ਬਿਨਾਸ ਤਨ ਤੇ, ਜਪਿ ਜਗਦੀਸ ਈਸਹ ਜੈ ਜਏ ॥
ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥
ਕਹੁ ਨਾਨਕ ਤਿਨ ਖੰਨੀਐ ਵੰਞਾ, ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥ ੩ ॥

[ਵਡਹੰਸ ਮ: ੫ ਛੰਤ—੫੭੭-੭੮

(੬)

ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ॥
ਬਹੁਤੁ ਖਜਾਨਾ ਤਿੰਨ ਪਹਿ ਹਰਿ ਸੀਉ, ਹਰਿ ਕੀਰਤਨੁ ਲਾਹਾ ਰਾਮ ॥
ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥
ਏਕੁ ਜਾਨਹਿ ਏਕੁ ਮਾਨਹਿ, ਰਾਮ ਕੈ ਰੰਗਿ ਮਾਤਿਆ ॥
ਲਗਿ ਸੰਤ ਚਰਣੀ ਪੜੇ ਸਰਣੀ, ਮਨਿ ਤਿਨਾ ਓਮਾਹਾ ॥
ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥੩॥

[ਬਿਹਾਗੜਾ ਮ: ੫ ਛੰਤ—੫੪੩-੪੪



www.AKJ.Org

(੭)

ਸੋਈ ਸਾਹ ਭਗਵੰਗ ਸੇ, ਸਚੁ ਸੰਪੈ ਰਾਸਿ ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥ (੩)

[ਗਉੜੀ ਬਾਵਨ ਆਖਰੀ ਮ: ੫—੨੫੦

(੮)

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ, ਸੇ ਜਨ ਵਡਭਾਗੀ ਰਾਮ ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥
ਸੇ ਜਨ ਬੈਰਾਗੀ ਸਚਿ ਲਿਵ ਲਾਗੀ, ਆਪਣਾ ਆਪੁ ਪਛਾਣਿਆ ॥
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ, ਸਹਜੇ ਨਾਮੁ ਵਖਾਣਿਆ ॥
ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ, ਮਨਮੁਖ ਸੋਇ ਰਹੇ ਅਭਾਗੇ ॥
ਨਾਨਕ ਸਹਜੇ ਸੇਵਹਿ ਗੁਰੁ ਆਪਣਾ ਸੇ ਪੂਰੇ ਵਡਭਾਗੇ ॥੪॥੩॥

[ਵਡਹੰਸੁ ਮ: ੩ ਛੰਤ—੫੬੯

(੯)

ਮੋਹਿ ਮਸਕੀਨ ਪ੍ਰਭੁ ਨਾਮੁ ਆਧਾਰੁ ॥ ਖਾਟਣ ਕਉ ਹਰਿ ਹਰਿ ਰੋਜਗਾਰੁ ॥
ਸੰਚਣ ਕਉ ਹਰਿ ਏਕੋ ਨਾਮੁ ॥ ਹਲਤਿ ਪਲਤਿ ਤਾ ਕੈ ਆਵੈ ਕਾਮ ॥੧॥
**ਨਾਮਿ ਰਤੇ ਪ੍ਰਭੁ ਰੰਗਿ ਅਪਾਰ ॥ ਸਾਧ ਗਾਵਹਿ ਗੁਣ ਏਕ ਨਿਰੰਕਾਰ ॥ਰਹਾਉ॥**
ਸਾਧ ਕੀ ਸੋਭਾ ਅਤਿ ਮਸਕੀਨੀ ॥ ਸੰਤ ਵਡਾਈ ਹਰਿ ਰਸੁ ਚੀਨੀ ॥
ਅਨਦ ਸੰਤਨ ਕੈ ਭਗਤਿ ਗੋਵਿੰਦ ॥ ਸੂਖ ਸੰਤਨ ਕੈ ਬਿਨਸੀ ਚਿੰਦ ॥੨॥
ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥
ਸਾਧ ਸਭਾ ਮਹਿ ਅਨਦ ਬਿਸ੍ਰਾਮ ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥੩॥
ਦੁਇ ਕਰ ਜੋੜਿ ਕਰੀ ਅਰਦਾਸਿ ॥ ਚਰਨ ਪਖਾਰਿ ਕਹਾਂ ਗੁਣਤਾਸ ॥
ਪ੍ਰਭ ਦਇਆਲ ਕਿਰਪਾਲ ਹਜੂਰਿ ॥ ਨਾਨਕ ਜੀਵੈ ਸੰਤਾ ਧੂਰਿ ॥੪॥੨॥੨੩॥

[ਧਨਾਸਰੀ ਮ: ੫—੬੭੬

ਅੰਤ ਵਿਚ ਅੰਤਲੇ "ਹਰਿ ਜੁਗੁ ਜੁਗੁ ਭਗਤ ਉਪਾਇਆ" ਦੇ ਨਾਲ ਜੋ ਮਿਲਵੇਂ ਸ਼ਬਦ ਗਾਇਨ ਕੀਤੇ ਗਏ, ਉਸ ਵਿਚ "ਹਰਣਾਖਸੁ ਦੁਸਟੁ ਹਰਿ ਮਾਰਿਆ" ਦਾ ਵਖਰਾ ਪ੍ਰਕਰਣ ਹੋਣ ਕਰਕੇ ਫਿਰ ਕਿਤੇ ਦੇਣ ਦਾ ਜਤਨ ਕਰਾਂਗੇ ।

## ਦਰਸ਼ਨਾਂ ਦੀ ਸਿੱਕ

[ਵਲੋਂ––ਸ: ਸਰੂਪ ਸਿੰਘ ਜੀ ਦਰਵੇਸ਼, ਖੰਨਾ]

ਐ ਸਤਿਗੁਰ ! ਸਿੱਕ ਤੇਰੀ ਅੰਦਰ, ਬੈਠ ਔਂਸੀਆਂ ਪਾਵਾਂ ।
ਕਾਗ ਬਨੇਰੇ ਉਤੇ ਬੈਠਾ, ਰੋਜ਼ ਹੀ ਪਿਆ ਉਡਾਵਾਂ ।
ਲੋਚੇ ਮਨ ਸਦਾ ਗੁਰ-ਦਰਸ਼ਨ, ਚਾਤ੍ਰਿਕ ਵਾਂਗ ਕੁਰਲਾਵਾਂ ।
ਤ੍ਰਿਖਾ ਨਾ ਉਤਰੈ ਸ਼ਾਤ ਨਾ ਆਵੈ, ਕਦ ਦਰਸ਼ਨ ਮੈਂ ਪਾਵਾਂ ।
ਤਰਲੇ ਕਰਦਾ ਬਹੁ ਤੇਰੇ ਮੈਂ, ਕਿਕੂੰ ਤੁੱਧ ਰੀਝਾਵਾਂ ।
ਕੇਵਲ ਚਰਨੀਂ ਲਗਣ ਖ਼ਾਤਰ, ਭੇਟਾ ਸੀਸ ਚੜ੍ਹਾਵਾਂ ।
ਸੋਹਣੀ ਵਾਂਗ ਪਿਆਰ ਤੇਰਾ, ਮੈਂ, ਦਿਲ ਦੇ ਵਿੱਚ ਰਖਾਵਾਂ ।
ਰੋਕ ਪਾਵਣ ਜੇ ਨਦੀਆਂ ਨਾਲੇ, ਚੀਰ ਉਨ੍ਹਾਂ ਨੂੰ ਆਵਾਂ ।
ਜੇ ਭੁੱਲੀ ਜੇ ਚੁੱਕੀ ਸਾਈਂ, ਤਾਂ ਭੀ ਤੁੱਧ ਨੂੰ ਭਾਵਾਂ ।
ਅਉਗਣ ਭਰੇ ਏਕ ਗੁਣ ਨਾਹੀ, ਹੱਥ ਬੰਨ੍ਹ ਬਿਨੈ ਅਲਾਵਾਂ ।
ਝੱਖੜ ਝਾਂਗੀ ਮੀਂਹ ਬਰਸੇ ਜੇ, ਭੀ ਤੁੱਧ ਵੇਖਣ ਜਾਵਾਂ ।
ਪੱਖਾ ਫੇਰਾਂ ਪਾਨੀ ਢੋਵਾਂ, ਜੋ ਦੇਵੇਂ ਸੋ ਖਾਵਾਂ ।
ਇਕ ਵਾਰ ਜੇ ਮਿਲਜੇਂ ਸਤਿਗੁਰ, ਚਰਨੀਂ ਸੀਸ ਨਿਵਾਵਾਂ ।
ਚਰਨ ਕੰਵਲ ਦੀ ਪ੍ਰੀਤੀ ਬਖਸ਼ੋ, ਬਣ 'ਦਰਵੇਸ਼' ਧਿਆਵਾਂ ।



www.AKJ.Org

# ਅਰਦਾਸ ਕੀ ਹੈ ?

ਵਲੋਂ:—ਡਾ: ਜਸਵੰਤ ਸਿੰਘ ਜੀ ਨੇਕੀ

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ
ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ । —ਭਾਈ ਗੁਰਦਾਸ ਜੀ

ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ-ਬੱਕਰੀਆਂ ਚਾਰ ਰਿਹਾ ਸੀ । ਇੱਜੜ ਨੂੰ ਘਾਹ ਤੇ ਚਰਦਾ ਛਡ ਕੇ ਆਪ ਇਕ ਬ੍ਰਿਛ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ । ਸੋਚਾਂ ਵਿਚ ਡੁੱਬੇ ਦੇ ਚਿਹਰੇ ਤੇ ਇਕ ਚਮਕ ਭਾਅ ਮਾਰਨ ਲਗੀ । ਉਸ ਦੇ ਬੁੱਲ੍ਹ ਫਰਕੇ ਤੇ ਉਹ ਕਹਿਣ ਲਗਾ : "ਹੇ ਰੱਬਾ ! ਜੇ ਕਦੇ ਤੂੰ ਮੈਨੂੰ ਮਿਲ ਜਾਵੇਂ ਤਾਂ ਮੈਂ ਤੈਨੂੰ ਰੋਜ਼ ਬੱਕਰੀਆਂ ਦਾ ਤਾਜ਼ਾ ਦੁੱਧ ਪਿਆਵਾਂ ; ਰੋਜ਼ ਤੇਰੇ ਕਪੜੇ ਧੋ ਦਿਆ ਕਰਾਂ, ਤੈਨੂੰ ਦਹੀਂ ਮਲ ਮਲ ਕੇ ਨੁਹਾਵਾਂ, ਤੇ ਤੇਰੀ ਜੁਗਾਂ ਜੁਗਾਂ ਦੀ ਮੈਲ ਲਾਹ ਦਿਆਂ ।"

ਇਤਫ਼ਾਕ ਨਾਲ ਹਜ਼ਰਤ ਮੂਸਾ ਓਧਰ ਦੀ ਲੰਘ ਰਹੇ ਸਨ ਤੇ ਉਹਨਾਂ ਚਰਵਾਹੇ ਦੇ ਇਹ ਬੋਲ ਸੁਣੇ । ਰੱਬ ਦਾ ਅਜਿਹਾ ਹਾਸੋਹੀਣਾ ਚਿਤਰ ਸੁਣ ਕੇ ਬੜਾ ਕ੍ਰੋਧ ਆ ਗਿਆ । ਉਸ ਚਰਵਾਹੇ ਨੂੰ ਮੋਢਿਓਂ ਝੰਜੋੜ ਕੇ ਉਹ ਕਹਿਣ ਲਗੇ, "ਓ ਪਾਗਲ ! ਤੂੰ ਰੱਬ ਨੂੰ ਕੀ ਜਾਤਾ ਹੈ ? ਉਹ ਕੁਲ ਜਹਾਨਾਂ ਦਾ ਮਾਲਕ ਹੈ ; ਉਸ ਨੂੰ ਤੇਰੇ ਬਾਕਰੇ ਦੁੱਧ ਦੀ ਕੀ ਪਰਵਾਹ ਪਈ ਹੈ ? ਉਹ ਸਾਰੇ ਸੰਸਾਰ ਦੀ ਮੈਲ ਕੱਟਣ ਵਾਲਾ ਹੈ; ਤੇ ਤੂੰ ਉਸ ਦੀ ਮੈਲ ਲਾਹੁਣ ਨੂੰ ਫਿਰਦਾ ਹੈਂ ? ਤੂੰ ਰੱਬ ਦਾ ਨਿਰਾਦਰ ਕੀਤਾ ਹੈ !"

ਪਰ ਕਹਿੰਦੇ ਹਨ, ਉਸ ਵੇਲੇ ਆਕਾਸ਼ ਬਾਣੀ ਹੋਈ : "ਮੂਸਾ, ਤੂੰ ਦੁਨੀਆ ਵਿਚ ਮਿਲਾਪ ਕਰਾਣ ਲਈ ਆਇਆ ਸੈਂ, ਨਾ ਕਿ ਵਿਛੋੜ ਪੁਆਣ ਲਈ* । ਤੂੰ ਬੁਹਤ ਬੁਰਾ ਕੀਤਾ ਹੈ, ਮੈਨੂੰ ਮੇਰੇ ਭਗਤ ਤੋਂ ਵਿਛੋੜ ਦਿਤਾ ਹੈ । ਤੂੰ ਉਸ ਦੇ ਬੋਲਾਂ ਵਿਚ ਉਲਝ ਕੇ ਰਹਿ ਗਿਆ । ਉਸ ਦੀ ਅਰਦਾਸ ਦੀ ਭਾਵਨਾ ਨੂੰ ਨਹੀਂ ਜਾਂਚ ਸਕਿਆ । ਉਸ ਨੇ ਕੋਈ ਗੁਸਤਾਖ਼ੀ ਨਹੀਂ ਕੀਤੀ । ਗੁਸਤਾਖ਼ੀ ਤੂੰ ਕੀਤੀ ਹੈ !"

ਮੂਸਾ ਦੀਆਂ ਅੱਖਾਂ ਝੁਕ ਗਈਆਂ, ਜਿਵੇਂ ਉਸ ਨੂੰ ਪਤਾ ਲਗ ਗਿਆ ਹੋਵੇ ਕਿ ਰੱਬ ਦਾ ਨੂਰ ਕੇਵਲ ਕੋਹ ਤੂਰ ਦੀਆਂ ਚੋਟੀਆਂ ਤੇ ਹੀ ਨਹੀਂ ਨਜ਼ਰ ਆਉਂਦਾ, ਸਗੋਂ ਭਾਵਨਾ ਨਾਲ ਕੀਤੀ ਹੋਈ ਅਰਦਾਸ ਦੇ ਬਲ ਨਾਲ ਮਨ ਦੀਆਂ ਡੂੰਘਾਣਾਂ 'ਚੋਂ ਵੀ ਪ੍ਰਗਟ ਹੋ ਸਕਦਾ ਹੈ ।

ਅਰਦਾਸ, ਲਫ਼ਜ਼ਾਂ ਤੋਂ ਕਿਤੇ ਡੂੰਘੀ ਆਤਮਾ ਦੀ ਇਕ ਬਿਹਬਲਤਾ ਹੈ, ਜੋ ਲਫ਼ਜ਼ਾਂ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਇਕ ਤੜਪ ਵਾਂਗ ਜਾਗਦੀ ਹੈ ਤੇ ਆਖ਼ਰੀ ਲਫ਼ਜ਼ ਦੇ ਕਹਿ ਚੁਕਣ ਮਗਰੋਂ ਵੀ ਆਤਮਾ ਵਿਚ ਲਹਿ-ਲਹਾ ਰਹੀ ਹੁੰਦੀ ਹੈ । ਇਹ ਮਨ ਦੀਆਂ ਡੂੰਘਾਈਆਂ ਵਿਚੋਂ ਉਠਦੀ ਹੈ, ਕੰਠ 'ਚੋਂ ਨਹੀਂ । ਜੋ ਅਰਦਾਸ ਕੇਵਲ ਕੰਠ ਵਿਚੋਂ ਉਠਦੀ ਹੈ, ਉਹ ਸਾਡੀ ਛੱਤ ਤਕ ਵੀ ਮਸਾਂ ਪਹੁੰਚਦੀ ਹੈ । ਭਾਵਨਾ ਤੋਂ ਵਿਹੂਣੇ ਸ਼ਬਦ ਆਕਾਸ਼ ਨੂੰ ਨਹੀਂ ਛੁਹ ਸਕਦੇ । ਅਰਦਾਸ ਭਾਵਨਾ ਹੈ, ਸ਼ਬਦਾਂ ਦਾ ਚਮਤਕਾਰ ਨਹੀਂ, ਕਿਉਂਕਿ ਜੋ :

ਗਲਾਂ ਕਰੇ ਘਣੇਰੀਆ ਖਸਮ ਨ ਪਾਏ ਸਾਦੁ——(ਆਸਾ ਦੀ ਵਾਰ ਮ: ੨, ਪੰਨਾ ੩੭੪)

ਅਰਦਾਸ ਆਤਮਾ ਦਾ ਗੀਤ ਹੈ, ਤੇ ਗੀਤ ਵਾਂਗ ਇਸ ਨੂੰ ਵੀ ਸ਼ਬਦਾਂ ਦੀ ਕੋਈ ਮੁਥਾਜੀ ਨਹੀਂ । ਇਹ ਤਾਂ ਮਨ ਦੀ ਦੁਹਾਈ ਹੈ, ਜੋ ਵਾਹਿਗੁਰੂ ਦੀ ਅਨੰਤ ਮਿਹਰ ਦੇ ਕਾਲਜੇ ਧੂਹ ਪਾਉਂਦੀ ਹੈ ।

ਮਨੁੱਖ ਅਸੰਪੂਰਨ ਹੈ । ਉਸ ਦਾ ਬਲ ਨਿਗੁਣਾ ਹੈ । ਉਸ ਦੀ ਲਾਚਾਰੀ ਵੱਡੀ ਹੈ । ਉਸ ਦੀ ਹੋਂਦ ਤਰੁੱਟੀਆਂ ਤੇ ਲਾਚਾਰੀਆਂ ਦੀ ਵਿਥਿਆ ਹੈ । ਲੋੜਾਂ ਮਾਰਿਆ ਉਸ ਦਾ ਜੀਵਨ ਹੈ । ਅਜਿਹੇ ਜੀਵਨ ਨੂੰ ਸਦਾ

---

*"ਤੂ ਬਰਾਏ ਵਸਲ ਕਾਰਦਨ ਆਮਦੀ,
ਨੈ ਬਰਾਏ ਫ਼ਸਲ ਕਾਰਦਨ ਆਮਦੀ ।
ਬੰਦਾ ਏ ਮਾ ਰਾ ਜ਼ਿਮਾ ਕਰਦੀ ਜੁਦਾ..." ਮਸਨਵੀ ਮੌਲਾਨਾ ਰੂਮ ।



www.AKJ.Org

ਆਸਰੇ ਦੀ ਲੋੜ ਹੈ। 'ਅਰਦਾਸ', ਵਾਹਿਗੁਰੂ ਦੇ ਸੰਪੂਰਨ ਬਲ ਨੂੰ ਤਰੁੱਟੀਆਂ ਤੇ ਲਾਚਾਰੀਆਂ ਦੇ ਚੌਂਤਰੇ ਤੋਂ ਮਾਰੀ ਹਾਕ ਹੈ। ਉਸ ਨੂੰ ਸਾਡੀਆਂ ਮਜਬੂਰੀਆਂ ਵਿਚ ਪਰਵੇਸ਼ ਕਰਨ ਦਾ ਸੱਦਾ ਹੈ। ਜਿਸ ਨੇ ਆਪ ਸਾਨੂੰ ਮਿੱਟੀ ਵਿਚੋਂ ਘੜਿਆ ਹੈ, ਉਸ ਨੂੰ ਸਾਡੀ ਮਿੱਟੀ ਦੀ ਕਮਜ਼ੋਰੀ ਦਾ ਪੂਰਾ ਪਤਾ ਹੈ। ਤਾਹੀਉਂ ਤਾਂ ਉਸ ਨੇ ਇਸ ਮਿੱਟੀ ਨੂੰ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰਖਿਆ ਹੈ। ਮਿੱਟੀ ਵਿਚ ਜਕੜੀ ਹੋਈ ਆਤਮਾ ਦੀ ਪੁਕਾਰ ਜਦ ਆਕਾਸ਼ ਵਲ ਉਠਦੀ ਹੈ ਤਾਂ ਅਰਦਾਸ ਕਹਾਉਂਦੀ ਹੈ।

ਜਿਵੇਂ ਔੜ ਸਮੇਂ ਕਿਰਸਾਨ ਦੀ ਨਿਗਾਹ ਬਦੋਬਦੀ ਆਕਾਸ਼ ਵਲ ਉਠਦੀ ਹੈ; ਜਿਵੇਂ ਭੁੱਖਾ ਬਾਲਕ ਉਛਲ ਉਛਲ ਆਪਣੀ ਮਾਂ ਦੀਆਂ ਛਾਤੀਆਂ ਵਲ ਲਪਕਦਾ ਹੈ; ਉਵੇਂ ਹੀ ਤੌਟ ਆਇਆ ਹਿਰਦਾ ਅਰਦਾਸ ਦੇ ਬਲ ਨਾਲ ਆਪਣੇ ਮਾਲਕ ਵਲ ਉਡਾਰੀ ਮਾਰਦਾ ਹੈ। ਤੇ ਇਹ ਉਡਾਰੀ ਮਾਰਨ ਦਾ ਹੱਕ ਸਾਨੂੰ ਆਪ ਉਸ ਨੇ ਦਿਤਾ ਹੈ। ਜਦੋਂ ਵੀ ਮਨੁੱਖੀ ਆਤਮਾ 'ਹੇ ਮੇਰੇ ਪਿਤਾ!' ਕਹਿ ਕੇ ਵਿਲਕਦੀ ਹੈ, 'ਹਾਂ ਮੇਰੇ ਬੱਚੇ!' ਦਾ ਹੁੰਗਾਰਾ ਉਸ ਨੂੰ ਮਿਲਦਾ ਹੈ।

'ਅਰਦਾਸ' ਸ਼ਬਦ, ਕੁਝ ਵਿਦਵਾਨਾਂ ਦੇ ਮਤ ਅਨੁਸਾਰ ਫ਼ਾਰਸੀ ਸ਼ਬਦ 'ਅਰਜ਼ ਦਾਸ਼ਤ' ਦਾ ਸੰਖੇਪ ਰੂਪ ਹੈ।[] ਤੇ ਅਰਜ਼ਦਾਸ਼ਤ ਦਾ ਅਰਥ ਹੈ ਬੇਨਤੀ ਪੱਤਰ, ਪ੍ਰਾਰਥਨਾ। ਕੁਝ ਹੋਰ ਵਿਦਵਾਨਾਂ ਅਨੁਸਾਰ, ਇਹ ਇਕ ਸੰਸਕ੍ਰਿਤ ਸ਼ਬਦ ਹੈ* ਜੋ 'ਅਰਦ' ਤੇ 'ਆਸ' ਦੋ ਸ਼ਬਦਾਂ ਦੀ ਸੰਧੀ ਤੋਂ ਬਣਿਆ ਹੈ। ਅਰਦ ਦਾ ਅਰਥ ਹੈ ਮੰਗਣਾ, ਤੇ ਆਸ ਦਾ ਅਰਥ ਹੈ ਇੱਛਾ ਜਾਂ ਉਮੀਦ। ਸੋ, ਇਸ ਨਾਤੇ, ਆਪਣੀਆਂ ਇੱਛਾਵਾਂ ਦੀ ਪੂਰਤੀ ਮੰਗਣੀ ਅਰਦਾਸ ਹੈ। ਇਹ ਸ਼ਬਦ ਭਾਵੇਂ ਫ਼ਾਰਸੀ ਵਿਚੋਂ ਆਇਆ ਹੈ ਤੇ ਭਾਵੇਂ ਸੰਸਕ੍ਰਿਤ ਵਿਚੋਂ (ਵਿਦਵਾਨਾਂ ਨੂੰ ਇਸ ਬਾਰੇ ਝਗੜਨ ਦਿਓ) ਇਸ ਦਾ ਅਰਥ ਇਕੋ ਹੀ ਹੈ। ਜਿਸ ਨੇ ਸਾਰਾ ਕੁਝ ਸਾਜਿਆ ਹੈ, ਜੋ ਸਭ ਕੁਝ ਜਾਣਦਾ ਹੈ, ਤੇ ਜੋ ਸਭ ਗ਼ਲਤੀਆਂ ਨੂੰ ਠੀਕ ਕਰ ਸਕਦਾ ਹੈ, ਉਸ ਅਗੇ ਨਿੰਮਰਤਾ ਵਿਚ ਖੜੋ ਕੇ ਬੇਨਤੀ ਕਰਨਾ ਹੀ ਅਰਦਾਸ ਹੈ।()

ਸ਼ੁਰੂ ਤਾਂ ਅਸੀਂ ਆਪਣੀਆਂ ਮੰਗਾਂ ਤੋਂ ਹੀ ਕਰਦੇ ਹਾਂ, ਪਰ ਅਰਦਾਸ ਵਿਚ ਜੁੜਨ ਵਾਲੇ ਮਨ ਨੂੰ ਜਲਦੀ ਹੀ ਪਤਾ ਲਗ ਜਾਂਦਾ ਹੈ ਕਿ ਮਨੋਕਾਮਨਾ ਦੀ ਪੂਰਤੀ ਲਈ ਅਰਦਾਸ ਕੋਈ ਉੱਚੀ ਅਰਦਾਸ ਨਹੀਂ। ਮਾਸ਼ਟਰ ਤਾਰਾ ਸਿੰਘ ਜੀ ਆਪਣੀ ਪੁਸਤਕ "ਕਿਉ ਵਰਨੀ ਕਿਵ ਜਾਣਾ" ਵਿਚ ਲਿਖਦੇ ਹਨ: "ਜਦ ਮੈਂ ਆਪਣੀ ਨਦਰ ਨਾਲ ਵੇਖਦਾ ਹਾਂ, ਤਾਂ ਮੇਰੀ ਅਰਦਾਸ ਮਨੋਕਾਮਨਾ ਦੀ ਪੂਰਤੀ ਲਈ ਹੁੰਦੀ ਹੈ। ਮੈਂ ਸਦਾ ਮੰਗਦਾ ਹਾਂ, ਅਜ ਇਹ, ਕਲ੍ਹ ਉਹ! ਜੇ ਸਭ ਕੁਝ ਦੇਂਦੇ ਹੋਏ ਆਪਣੀ 'ਨਦਰ' ਵੀ ਦੇ ਦੇਵੇਂ...ਤਾਂ ਹੋਰ ਕਿਸੇ ਵਸਤੂ ਦੀ ਲੋੜ ਹੀ ਨਹੀਂ ਰਹੇਗੀ ਤੇ ਨਾ ਹੀ ਇਹ ਨਿਤ ਮੰਗਣ ਦੀ ਸਿਰਦਰਦੀ।

"ਮੈਂ ਸਦਾ ਇਹ ਚਾਹੁੰਦਾ ਹਾਂ, ਕਿ ਸਦਾ ਮੇਰੀ ਮਰਜ਼ੀ ਚਲੇ। ਅਰਦਾਸਾਂ ਨਾਲ ਮੈਂ ਤੇਰੀ ਸ਼ਕਤੀ ਨੂੰ ਆਪਣੀ ਮਰਜ਼ੀ ਲਈ ਵਰਤਣਾ ਚਾਹੁੰਦਾ ਹਾਂ। ਜੇ ਇਹ ਅਰਦਾਸਾਂ ਪੂਰੀਆਂ ਕਰ ਦਏਂ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਤੇਰੀ ਸ਼ਕਤੀ ਮੇਰੀ ਮਰਜ਼ੀ ਨਾਲ ਕੰਮ ਕਰੇਗੀ। ਦੂਜੇ ਭਾਵ ਵਿਚ, ਮੈਂ ਇਕ ਖ਼ੁਦਾ ਹੋਵਾਂਗਾ ਜਿਸ ਦੀ ਸ਼ਕਤੀ ਤਾਂ ਖ਼ੁਦਾ ਵਾਲੀ ਹੋਵੇਗੀ, ਪਰ ਨੀਯਤ ਬੰਦੇ ਵਾਲੀ। ਇਸੇ ਨੀਯਤ ਦੇ ਕਾਰਨ ਇਸ ਸ਼ਕਤੀ ਨੂੰ ਕਿਸੇ ਨੂੰ ਅਧੀਨ ਕਰਨ ਲਈ ਵਰਤਣਾ ਚਾਹਾਂਗਾ, ਪਰ ਖ਼ੁਦਾ ਹੋਣ ਦੀ ਸੂਰਤ ਵਿਚ ਤਾਂ ਕੋਈ ਵਿਅਕਤੀ ਅਜਿਹਾ ਨਹੀਂ ਰਹਿਣਾ ਜੋ ਮੇਰੇ ਅਧੀਨ ਨਾ ਹੋਵੇ। ਸੋ ਮੈਨੂੰ ਆਖ਼ਰ ਰੱਬ ਵਾਲੀ ਨੀਯਤ ਵੀ ਵਰਤਣੀ ਪਵੇਗੀ। ਜਦ ਨੀਯਤ ਤੇ ਸ਼ਕਤੀ ਦੋਵੇਂ ਰੱਬ ਵਾਲੀਆਂ ਹੀ ਚਾਹੀਦੀਆਂ ਨੇ ਤਾਂ ਠੀਕ ਅਰਦਾਸ ਤਾਂ ਇਹ ਹੈ, 'ਕਿ ਮੈਨੂੰ ਆਪਣਾ ਆਪ ਬਣਾ ਦੇ।' ਜਾਂ ਦੂਜੇ ਸ਼ਬਦਾਂ ਵਿਚ 'ਮੈਨੂੰ ਆਪਣੇ ਆਪ ਵਿਚ ਅਭੇਦ ਕਰ ਦੇ'। ਸੋ:

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖੁ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (੯੫੮)

[] Ganda Singh : The Sikhs and Sikhism. Sikh History Society Patiala, 1959,

*Kapur Singh : Prasharprasna. Hind Publishers, Jullundur. 1959.

()ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ।
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ। ਵਾਰ ਮਾਰੂ, ਪੰਨਾ ੧੦੯੩।



www.AKJ.Org

ਇਕ ਹੋਰ ਟੱਪਲਾ ਜੋ ਅਸੀਂ ਅਰਦਾਸ ਕਰਨ ਲਗਿਆਂ ਆਮ ਤੌਰ ਤੇ ਖਾਂਦੇ ਹਾਂ, ਉਹ ਇਹ ਹੈ ਕਿ ਅਸੀਂ ਰੱਬ ਨੂੰ ਆਪਣੇ ਆਪ ਤੋਂ ਅਡਰਾ, ਆਪਣੇ ਆਪ ਤੋਂ ਬਾਹਰਵਾਰ ਮਿਥ ਲੈਂਦੇ ਹਾਂ। ਜਦੋਂ ਅਸੀਂ ਇਹ ਸਮਝ ਬੇਠਦੇ ਹਾਂ ਕਿ ਰੱਬ ਕਿਸੇ ਪਹਾੜ ਦੀ ਚੋਟੀ ਉਹਲੇ ਆਕਾਸ਼ ਦੀ ਸਿਖਰ ਉਤੇ, ਕਿਸੇ ਪਵਿੱਤਰ ਨਦੀ ਦੇ ਪਾਣੀਆਂ ਵਿਚ, ਕਿਸੇ ਤੀਰਥ ਅਸਥਾਨ ਉਤੇ, ਕਿਸੇ ਮੰਦਰ ਜਾਂ ਧਰਮਸਾਲ ਵਿਚ ਵਸਦਾ ਹੈ, ਤਾਂ ਅਸੀਂ ਰੱਬ ਨਾਲ ਵੀ ਤੇ ਆਪਣੇ ਆਪ ਨਾਲ ਵੀ ਬੇਇਨਸਾਫ਼ੀ ਕਰ ਰਹੇ ਹੁੰਦੇ ਹਾਂ। ਅਸੀਂ ਆਪ ਤਾਂ ਸਮੇਂ, ਅਸਥਾਨ ਤੇ ਕਾਰਨਾਂ ਦੀਆਂ ਹੱਦਾਂ ਵਿਚ ਜਕੜੇ ਹੋਏ ਹਾਂ, ਅਸੀਂ ਉਸ 'ਅਸੀਮ' ਲਈ ਵੀ ਐਸੀਆਂ ਸੀਮਾਵਾਂ ਮਿਥ ਲੈਂਦੇ ਹਾਂ ਜਿਨ੍ਹਾਂ ਨੂੰ ਸਾਡੀ ਕਲਪਨਾ ਘੜ ਸਕਦੀ ਹੈ ! ਜਦ ਕੁਲ ਸ਼ਕਤੀਆਂ ਦਾ ਸੋਮਾ ਸਾਡੇ ਆਪਣੇ ਅੰਦਰ ਵਸਦਾ ਹੈ ਤਦ ਉਸ ਨਾਲ ਜੁੜਨ ਲਈ ਤਾਂ ਇਕ ਟੁੱਭੀ ਆਪਣੇ ਅੰਦਰ ਮਾਰਨ ਦੀ ਲੋੜ ਹੈ। ਜਿਸ ਨੇ ਇਹ ਟੁੱਭੀ ਨਹੀਂ ਮਾਰੀ, ਉਸ ਦੀ ਅਰਦਾਸ ਵੀ ਅਧੂਰੀ ਹੈ।

ਅਰਦਾਸ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਅਰਦਾਸ ਹੀ ਉਹੀ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਉਘੜਦਾ ਹੈ। ਪਰ, ਦਰਗਾਹ ਦਾ ਦਰਵਾਜ਼ਾ ਤੇ ਮਨ ਦਾ ਤਾਕ ਅਸਲ ਵਿਚ ਇਕੋ ਹੀ ਹੈ !

ਅਰਦਾਸ ਦਾ ਕੋਈ ਵੇਲਾ ਨਹੀਂ, ਅਰਦਾਸ ਹਰ ਵੇਲੇ ਹੋ ਸਕਦੀ ਹੈ। ਅਰਦਾਸ ਹਰ ਵੇਲੇ ਹੀ ਹੋਣੀ ਚਾਹੀਦੀ ਹੈ। ਅਸੀਂ ਆਮ ਤੌਰ ਤੇ ਕੇਵਲ ਸੰਕਟ ਵੇਲੇ ਅਰਦਾਸ ਕਰਦੇ ਹਾਂ, ਤੇ ਜੇ ਸੰਕਟ ਨਿਬੜ ਜਾਵੇ ਤਾਂ ਅਸੀਂ ਸਮਝਦੇ ਹਾਂ ਅਸਾਂ ਆਪਣੇ ਜਤਨਾਂ ਨਾਲ ਇਹ ਸੰਕਟ ਦੂਰ ਕਰ ਲਿਆ ਹੈ। ਫਿਰ ਅਸੀਂ ਅਰਦਾਸ ਦੀ ਲੋੜ ਨਹੀਂ ਮਹਿਸੂਸ ਕਰਦੇ। ਅਸੀਂ ਭੁੱਲ ਜਾਂਦੇ ਹਾਂ ਕਿ ਅਰਦਾਸ ਦੀ ਤਾਂ ਸਾਨੂੰ ਹਰ ਕਦਮ ਤੇ ਲੋੜ ਹੈ। ਸੰਕਟ ਵਿਚ ਅਰਦਾਸ ਦੀ ਤਾਂ ਲੋੜ ਹੈ ਕਿ ਸਾਥੋਂ ਦੁਖ ਜਰਿਆ ਨਹੀਂ ਜਾਂਦਾ। ਨਿਰਾਸਤਾ ਵਿਚ ਅਰਦਾਸ ਦੀ ਲੋੜ ਹੈ ਕਿ ਇਸ ਥੀਂ ਸਾਡੀ ਆਸ ਬਝਦੀ ਹੈ। ਅਸਫਲਤਾਵਾਂ ਵਿਚ ਅਰਦਾਸ ਸਾਡੀ ਢਾਰਸ ਹੈ। ਪਰ ਜਦ ਸਫਲਤਾ ਦਿਸਦੀ ਹੋਵੇ ਤਾਂ ਵੀ ਅਰਦਾਸ ਦੀ ਲੋੜ ਹੈ ਤਾਂ ਜੁ ਅਸੀਂ ਫੁੱਲ ਕੇ ਉਲਾਰ ਨਾ ਹੋ ਜਾਈਏ। ਜਦੋਂ ਸੁਖ ਮਿਲੇ ਤਾਂ ਵੀ ਅਰਦਾਸ ਦੀ ਲੋੜ ਹੈ ਕਿ ਸੁਖ ਦੇਣ ਵਾਲੇ ਨੂੰ ਯਾਦ ਕਰੀਏ।

ਦੁਖ ਮਹਿ ਬਹੁ ਸਿਮਰਨ ਕਰੇਂ ਸੁਖ ਮੇਂ ਕਰੇ ਨ ਕੋਇ।
ਜੋ ਸੁਖ ਮਹਿ ਸਿਮਰਨ ਕਰੇ ਦੁਖ ਕਾਹੇ ਕੋ ਹੋਇ। – ਕਬੀਰ ਜੀ

ਜਦ ਰੱਬ ਤੋਂ ਬਿਨਾਂ ਅਸੀਂ ਇਕ ਵੀ ਸੁਆਸ ਨਹੀਂ ਲੈ ਸਕਦੇ, ਤਾਂ ਸਾਡਾ ਹਰ ਸੁਆਸ ਇਕ ਅਰਦਾਸ ਹੋਣਾ ਚਾਹੀਦਾ ਹੈ। ਤੇ ਜਿਨ੍ਹਾਂ ਦੇ ਸੁਆਸ ਉਹਨਾਂ ਦੀ ਅਰਦਾਸ ਹੋ ਜਾਂਦੇ ਹਨ, ਉਹੀ ਸਹਜ ਵਿਚ ਵਿਚਰਦੇ ਹਨ।

["ਪੰਚਬਟੀ ਸੰਦੇਸ਼ ਵਿਚੋਂ"–

---

(ਸਫ਼ਾ ੩੦ ਦੀ ਬਾਕੀ)

ਇਸ ਦਾ ਫੈਸਲਾ ਵੀ ਕਰਾਉਣਾ ਹੈ। ਹੋਰ ਵਧੇਰੇ ਵਾਕਫੀਅਤ ਬੀਬੀ ਜੀ ਪਾਸੋਂ ਲੈ ਲੈਣੀ। ਦਾਸ ਨੇ ਸਤਿ ਬਚਨ ਕਹਿ ਕੇ ਕੋਸ਼ਸ਼ ਅਰੰਭੀ, ਦੇਵਨੇਤ ਨਾਲ ਪੁਨਰ-ਨਿਵਾਸ ਦੇ ਮਹਿਕਮੇ ਲੁਧਿਆਣੇ ਦੇ ਪ੍ਰਾਪਟਤੀ ਇੰਸਪੈਕਟਰ ਸ: ਧਿਆਨ ਸਿੰਘ ਜੀ ਦਾਸ ਦੇ ਪੁਰਾਣੇ ਵਾਕਫ਼ਕਾਰ ਨਿਕਲੇ। ਬੜੇ ਗੁਰਮੁਖ ਸਨ। ਦਾਸ ਨੇ ਇਨ੍ਹਾਂ ਨੂੰ ਇਸ ਕੋਠੀ ਦੀ ਟਰਾਂਸਫ਼ਰ ਹੋਣ ਦੀ ਸਾਰੀ ਪਿਛੋਕੜ-ਸਥਿਤੀ ਦਸੀ ਤਾਂ ਉਨ੍ਹਾਂ ਨੇ ਸਾਰੇ ਕਾਰਜਾਂ ਦੀ ਪੜਤਾਲ ਕਰ ਕੇ ਦਾਸ ਨੂੰ ਕਿਹਾ ਕਿ ਤੁਸੀਂ ਕਦੀ ਕਦੀ ਮਿਲਦੇ ਰਹਿਣਾ, ਤਾਂਕਿ ਛੇਤੀ ਇਹ ਕਾਰਜ ਸਿਰੇ ਚੜ੍ਹ ਸਕੇ। ਉਨ੍ਹਾਂ ਦੀ ਥੋੜੇ ਦਿਨਾਂ ਦੀ ਕੋਸ਼ਸ਼ ਨਾਲ ਇਹ ਕੋਠੀ ਬੀਬੀ ਜੀ ਦੇ ਨਾਮ ਤੇ ਹੋ ਗਈ। ਬਾਊ ਜੀ ਦੀ ਇਹ ਸਭ ਅੰਗ-ਪਾਲ ਬਿਰਤੀ ਭਾਈ ਸਾਹਿਬ ਨਮਿਤ ਸੀ, ਜੋ ਤੋੜ ਨਿਭਾ ਗਏ। ਬਾਊ ਜੀ ਨੇ ਭਾਈ ਸਾਹਿਬ ਤੋਂ ਤਕਰੀਬਨ ਸਵਾ ਅਠਾਰ੍ਹਾਂ ਸਾਲਾਂ ਬਾਅਦ ਚਲਾਣਾ ਕੀਤਾ। ਆਪ ਜੀ ਦਾ ਅਕਾਲ ਚਲਾਣਾ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਚ ੨੩-੭-੭੯ ਨੂੰ ਹੋਇਆ ਅਤੇ ਦਾਸ ਨੂੰ ਵੀ ਇਸੇ ਹਸਪਤਾਲ ਵਿਚ ਬਾਬੂ ਜੀ ਦੇ ਆਖ਼ਰੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ।



www.AKJ.Org

# ਬਾਊ ਮਲ ਸਿੰਘ ਜੀ ਦੀ ਅੰਗ-ਪਾਲ ਬਿਰਤੀ

ਸ੍ਰੀ ਮਾਨ ਬਾਊ ਮਲ ਸਿੰਘ ਜੀ ਨੇ ਆਯੂ ਪ੍ਰਯੰਤ ਸ੍ਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦੇ ਰੰਗ-ਰਸ ਮਾਣਦਿਆਂ ਹੋਇਆਂ ਜਿਥੇ ਆਤਮਕ ਉਚਾਈਆਂ ਨੂੰ ਛੋਹਿਆ ਉਥੇ ਉਨ੍ਹਾਂ ਦੇ ਸੁਹਿਰਦ ਸੱਜਣ-ਸਖਾ ਹੋਣ ਦਾ ਮਾਣ ਵੀ ਪ੍ਰਾਪਤ ਕੀਤਾ। ਭਾਈ ਸਾਹਿਬ ਆਪ ਜੀ ਦਾ ਵੱਧ ਤੋਂ ਵਧ ਸਤਿਕਾਰ ਕਰਦੇ ਸਨ ਅਤੇ ਨਿਜੀ ਜਾਂ ਪੰਥਕ ਕੋਈ ਕੰਮ ਵੀ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਨਹੀਂ ਕਰਦੇ ਸਨ। ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਪਿਛੋਂ ਜੱਥੇ ਵਲੋਂ ਕੀਤੇ ਜਾਣ ਵਾਲੇ ਸਮਾਗਮ, ਅੰਮ੍ਰਿਤ-ਸਿੰਚਾਰ ਅਤੇ ਸਿਖੀ ਪਰਚਾਰ ਦੇ ਸਾਰੇ ਕਾਰਜ ਬਾਊ ਜੀ ਬੜੀਆਂ ਚੜ੍ਹਦੀਆਂ ਕਲਾਂ ਵਿਚ ਨਿਭਾਉਂਦੇ ਰਹੇ। ਭਾਈ ਸਾਹਿਬ ਜੀ ਦੀ ਜੇਲ੍ਹ-ਯਾਤਰਾ ਤੋਂ ਬਾਅਦ ਜੱਥੇ ਦਾ ਵਿਕਾਸ ਤੇ ਫੈਲਾਉ ਬਹੁਤ ਬੜਾ ਹੋ ਚੁਕਾ ਸੀ। ਥਾਂ ਥਾਂ ਤੋਂ ਜੱਥੇ ਦੇ ਸਮਾਗਮਾਂ ਦੀਆਂ ਮੰਗਾਂ ਹੋ ਰਹੀਆਂ ਸਨ। ਜੱਥੇ ਦਾ ਪ੍ਰੋਗਰਾਮ ਉਲੀਕਣ ਵਿਚ ਬਾਬੂ ਜੀ ਸ਼੍ਰੋਮਣੀ ਸਨ।

ਭਾਰਤ ਦੀ ਵੰਡ ਤੋਂ ਬਾਅਦ ਵਿਚ ਕਈ ਸਿੰਘਾਂ ਦਾ ਵਿਚਾਰ ਸੀ ਕਿ ਭਾਈ ਸਾਹਿਬ ਜੀ ਦੀ ਰਿਹਾਇਸ਼ ਨਾਰੰਗਵਾਲ ਹੋਣ ਕਰ ਕੇ ਦਰਸ਼ਨ ਕਰਨ ਵਾਲਿਆਂ ਨੂੰ ਕਈ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਰਾਤ ਬਰਾਤੇ ਤਾਂ ਨਾਰੰਗਵਾਲ ਪੁਜਣਾ ਬਹੁਤ ਹੀ ਕਠਨ ਹੁੰਦਾ ਸੀ। ਸਿੰਘਾਂ ਦੀਆਂ ਉਪ੍ਰੋਕਤ ਖੇਚਲਾਂ ਨੂੰ ਮੁਖ ਰਖਦਿਆਂ ਹੋਇਆਂ ਬਾਬੂ ਜੀ ਨੂੰ ਇਕ ਸੁਝਾ ਸੁਝਿਆ ਕਿ ਸ੍ਰੀ ਭਾਈ ਸਾਹਿਬ ਦੀ ਰਿਹਾਇਸ਼ ਨਾਰੰਗਵਾਲ ਤੋਂ ਲੁਧਿਆਣੇ ਕੀਤੀ ਜਾਵੇ। ਸੰਨ ੧੯੫੧-੫੨ ਵਿਚ ਲੁਧਿਆਣੇ ਵਿਚ ਪੁਨਰ-ਨਿਵਾਸ ਦੇ ਮਹਿਕਮੇ ਵਲੋਂ ਇਕ ਯੋਜਨਾ ਦੇ ਅਧੀਨ ਮਾਡਲ ਟਾਊਨ ਦੀ ਸਿਰਜਨਾ ਹੋ ਰਹੀ ਸੀ, ਤੇ ਇਸ ਅਨੁਸਾਰ ਕੋਠੀਆਂ ਬਣਵਾ ਕੇ ਸ਼ਰਨਾਰਥੀਆਂ ਨੂੰ ਅਲਾਟ ਕਰਨੀਆਂ ਸਨ। ਬਾਊ ਜੀ ਨੇ ਭਾਈ ਸਾਹਿਬ ਜੀ ਦੀ ਸਲਾਹ ਲਏ ਤੋਂ ਬਿਨਾਂ ਹੀ ਕੋਠੀ ਨੰਬਰ ੭੯ ਆਪਣੇ ਨਾਂ ਅਲਾਟ ਕਰਵਾ ਲਈ, ਕਿਉਂਕਿ ਬਾਊ ਜੀ ਉਕਾੜੇ ਤੋਂ ਆਏ ਹੋਇ ਸ਼ਰਨਾਰਥੀ ਸਨ। ਨਾਰੰਗਵਾਲ ਤੋਂ ਕੋਠੀ ਨੰਬਰ ੭੯ ਵਿਚ ਭਾਈ ਸਾਹਿਬ ਜੀ ਦੀ ਰਿਹਾਇਸ਼ ਕਰਵਾ ਦਿਤੀ। ਐਸਾ ਕਰਨ ਨਾਲ ਸਿੰਘਾਂ ਨੂੰ ਆਉਣ ਜਾਣ ਦੀ ਸੌਖ ਹੋ ਗਈ ਤੇ ਦੂਰੋਂ ਨੇੜਿਓਂ ਸੰਗਤਾਂ ਅਸਾਨੀ ਨਾਲ ਇਥੇ ਪੁਜਣ ਲਗ ਪਈਆਂ। ਇਸ ਤੋਂ ਬਾਅਦ ਕੋਠੀ ਨੰਬਰ ੭੯ ਤਾਂ ਕੀ, ਸਮੁਚੇ ਹੀ ਮਾਡਲ ਟਾਊਨ ਨੂੰ ਜੋ ਭਾਗ ਲਗੇ, ਸਭ ਦੇ ਸਾਹਮਣੇ ਹਨ। ਇਹ ਸਭ ਦੇਣ ਪ੍ਰਉਪਕਾਰੀ ਬਾਊ ਮਲ ਸਿੰਘ ਜੀ ਦਾ ਸਦਕਾ ਸੀ।

ਦਾਸ ਪੁਨਰ ਨਿਵਾਸ ਦੇ ਮਹਿਕਮੇ ਦੇ ਦਫ਼ਤਰ ਅੰਮ੍ਰਿਤਸਰ ਵਿਚ ਨੌਕਰੀ ਕਰਦਾ ਸੀ। ਸੰਨ ੧੯੫੯ ਦੀ ਗੱਲ ਹੈ ਕਿ ਇਕ ਦਿਨ ਬਾਊ ਜੀ ਤੇ ਉਨ੍ਹਾਂ ਦੇ ਸਪੁਤਰ ਸ: ਹਰਬੰਸ ਸਿੰਘ ਜੀ ਪਉੜੀਆਂ ਚੜ੍ਹ ਕੇ ਦਫਤਰ ਆ ਰਹੇ ਸਨ। ਦਾਸ ਨੇ ਅਗੇ ਵਧ ਕੇ ਗੁਰ ਫਤਹ ਬੁਲਾਈ ਤੇ ਆਦਰ ਸਹਿਤ ਆਪਣੇ ਕਮਰੇ ਵਿਚ ਜਾ ਬਿਠਾਇਆ। ਉਨ੍ਹਾਂ ਦੀ ਇਸ ਖੇਚਲ ਦਾ ਕਾਰਨ ਪੁਛਿਆ ਤਾਂ ਬਾਊ ਜੀ ਨੇ ਦਸਿਆ ਕਿ ਅਸੀਂ ਸ੍ਰੀ ਤਰਨ ਤਾਰਨ ਸਾਹਿਬ ਆਪਣਾ ਮਕਾਨ ਬਣਾਇਆ ਹੈ ਤੇ ਇਹ ਮਹਿਕਮਾ ਉਸ ਨੂੰ ਨੀਲਾਮ ਕਰ ਰਿਹਾ ਹੈ। ਦਾਸ ਨੇ ਉਨ੍ਹਾਂ ਪਾਸੋਂ ਕਾਗਜ਼ਾਤ ਵੇਖ ਕੇ ਤਸੱਲੀ ਕਰਵਾਈ ਕਿ ਹੁਣ ਮਕਾਨ ਨੀਲਾਮ ਨਹੀਂ ਹੋਵੇਗਾ। ਉਸ ਵਕਤ ਬਾਊ ਜੀ ਨੇ ਕਿਹਾ ਕਿ ਅਸੀਂ ਤਾਂ ਵਕੀਲ ਕਰਨ ਦੀ ਸੋਚ ਰਹੇ ਸਾਂ, ਪਰ ਅਕਾਲ ਪੁਰਖ ਨੇ ਆਪ ਹੀ ਸਾਡੀ ਵਕਾਲਤ ਕਰਵਾ ਦਿਤੀ ਹੈ। ਇਸ ਤੋਂ ਬਾਅਦ ਜਦੋਂ ਵੀ ਕੀਰਤਨ-ਸਮਾਗਮਾਂ ਵਿਚ ਪੁਜਣਾ ਅਤੇ ਬਾਊ ਜੀ ਦੀ ਸੇਵਾ ਵਿਚ ਹੋਣ ਦਾ ਮਾਣ ਪ੍ਰਾਪਤ ਹੋਣਾ ਤਾਂ ਬਾਊ ਜੀ ਨੇ ਦਾਸ ਨੂੰ ਭਾਈ ਗਿਆਨੀ ਕਹਿ ਕੇ ਪੁਕਾਰਨਾ। ਇਸ ਪ੍ਰੇਮ-ਪਿਆਰ ਦਾ ਸਦਕਾ ਦਾਸ ਨੇ ਆਪਣੇ ਧੰਨ ਭਾਗ ਸਮਝ ਕੇ ਸੇਵਾ ਕਰਦਿਆਂ ਨਾ ਅਕਣਾ ਤੇ ਨਾ ਥੱਕਣਾ।

ਸੰਨ ੧੯੬੦ ਵਿਚ ਦਾਸ ਦਾ ਤਬਾਦਲਾ ਲੁਧਿਆਣੇ ਹੀ ਹੋ ਗਿਆ। ਬੜੇ ਚੰਗੇ ਭਾਗਾਂ ਨੂੰ ਨਿਵਾਸ ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਦੇ ਬੁੰਗੇ ਵਿਚ ਹੀ ਮਿਲਿਆ। ਗੁਰਮੁਖ ਪਿਆਰਿਆਂ ਦੇ ਦਰਸ਼ਨ ਦੀਦਾਰ



www.AKJ.Org

ਮੇਲ ਮਿਲਾਪ ਦੇ ਸੋਹਣੇ ਰੰਗ-ਰੱਸ ਮਾਣਨੇ ਪ੍ਰਾਪਤ ਹੋ ਗਏ। ਹਰ ਰੋਜ਼ ਸ਼ਾਮ ਨੂੰ ਕੋਠੀ ਨੰਬਰ ੭੯ ਵਿਚ ਭਾਈ ਸਾਹਿਬ ਜੀ ਦੇ ਦਰਸ਼ਨ ਹੋਣੇ ਤੇ ਸੋਦਰ ਦੀ ਚੌਕੀ ਦੀ ਹਾਜ਼ਰੀ ਭਰਨ ਦੇ ਸੰਜੋਗ ਬਣ ਗਏ । ਇਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਸਿਹਤ ਨੂੰ ਮੁਖ ਰਖ ਕੇ ਕਿਧਰੇ ਨਹੀਂ ਸੀ ਜਾਂਦੇ। ਦੂਰ ਦੁਰਾਡਿਓਂ ਸਿਖ ਸੰਗਤਾਂ ਦਰਸ਼ਨਾਂ ਲਈ ਪੁਜਦੀਆਂ ਰਹਿੰਦੀਆਂ ਸਨ। ਜਿਤਨਾ ਸਮਾਂ ਵੀ ਮੇਲ-ਮਿਲਾਪ ਦਾ ਮਿਲਣਾ, ਸੁਭਾਗ ਸਮਝ ਕੇ ਅਨੰਦ ਮਾਣਨਾ। ਭਾਈ ਸਾਹਿਬ ਨੇ ਆਪਣੀ ਆਯੂ ਦੇ ਆਖਰੀ ਦਿਨ ਇਸੇ ਕੋਠੀ ਵਿਚ ਹੀ ਬਿਤਾਏ ।

ਜਦੋਂ ਭਾਈ ਸਾਹਿਬ ਜੀ ਨੇ ੧੬-੪-੬੧ ਨੂੰ ਸਰੀਰਕ ਚੋਲਾ ਛਡਿਆ, ਤਾਂ ਇਹ ਦਿਨ ਵੀ ਸਮੁਚੇ ਪੰਥ ਵਿਚ ਇਕ ਅਦਭੁਤ ਦਿਨ ਸੀ। ਦੇਸਾਂ ਪ੍ਰਦੇਸਾਂ ਵਿਚ ਤਾਰਾਂ ਖੜਕ ਗਈਆਂ। ਜੱਥਿਆਂ ਦੇ ਜੱਥੇ ਭਾਈ ਸਾਹਿਬ ਜੀ ਦੇ ਆਖਰੀ ਦਰਸ਼ਨ ਕਰਨ ਹਿਤ ਲੁਧਿਆਣੇ ਪੁਜ ਗਏ। ਕੋਠੀ ਦੇ ਅੰਦਰ-ਬਾਹਰ ਕੀਰਤਨ-ਮੰਡਲ ਰਚੇ ਗਏ। ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਬਝ ਗਈ। ਇਹ ਸਮਾਂ ਬੜਾ ਵੈਰਾਗ-ਮਈ ਸੀ। ਬਾਊ ਜੀ ਅੰਮ੍ਰਿਤਸਰ ਵਾਲੇ ਜੱਥੇ ਨਾਲ ਜਦੋਂ ਪੁਜੇ, ਤਾਂ ਇਨ੍ਹਾਂ ਦੀਆਂ ਸੱਜਲ ਨੇਤ੍ਰੀਂ ਵੈਰਾਗ-ਮਈ ਧੁਨਾਂ "ਸੱਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ। ਹੰਭੀ ਵੰਞਾ ਡੁਮਣੀ ਰੋਵਾਂ ਝੀਣੀ ਬਾਣਿ।"* ਐਸੀਆਂ ਉਠੀਆਂ ਕਿ ਸਭ ਦੇਖਣ ਸੁਣਨ ਵਾਲੇ ਬਿਰਹੋਂ-ਬੈਰਾਗ ਵਿਚ ਹਲੂਲੇ ਗਏ। ਭਾਈ ਜਾਨ ਸੁਖਾਲਾ ਜੀ ਮਿਠੀ ਸੁਰ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਤੁਰਦੇ ਫਿਰਦੇ ਕਰਦੇ ਤੇ ਬਾਪੂ ਜੀ ਦਾ ਸਰੀਰ ਸ਼ਸਤਰਾਂ ਬਸਤਰਾਂ ਨਾਲ ਸਜਾਂਦੇ ਤੇ ਸੰਵਾਰਦੇ ਹੋਏ ਮਾਨੋ ਅੰਤਮ ਸੇਵਾ ਦਾ ਮਾਣ ਪ੍ਰਾਪਤ ਕਰ ਰਹੇ ਸਨ ।

ਅਗਲੇ ਦਿਨ ੧੭ ਅਪ੍ਰੈਲ ਨੂੰ ਸੰਗਤਾਂ ਦਾ ਬਹੁਤ ਭਾਰੀ ਇਕੱਠ ਹੋ ਚੁਕਾ ਸੀ। ਦਿਨ ਦੇ ੧੧ ਕੁ ਵਜੇ ਭਾਈ ਸਾਹਿਬ ਜੀ ਦੀ ਅਰਥੀ ਜਲੂਸ ਦੀ ਸ਼ਕਲ ਵਿਚ ਟਰੱਕਾਂ ਤੇ ਕਾਰਾਂ ਵਿਚ ਨਾਰੰਗ ਵਾਲ ਦੀ ਢਾਬ ਤੇ ਦਾਹ-ਸੰਸਕਾਰ ਕਰਨ ਲਈ ਲਿਜਾਈ ਗਈ। ਇਸ ਸਮੇਂ ਦਰਸ਼ਕਾਂ ਦਾ ਵੈਰਾਗ ਠਲ੍ਹਿਆ ਨਹੀਂ ਸੀ ਜਾਂਦਾ। ਦਾਹ ਸਮੇਂ ਦੀ ਅਰਦਾਸ ਬਾਊ ਜੀ ਨੇ ਕੀਤੀ। ਅਰਦਾਸ ਕੀ ਸੀ, ਭਾਈ ਸਾਹਿਬ ਜੀ ਦੀ ਸਮੁਚੀ ਜੀਵਨੀ, ਆਤਮ-ਰੰਗਾਂ ਵਿਚ ਬੀਤੇ ਅਚੰਭਾ ਕਰ ਦੇਣ ਵਾਲੇ ਕਾਰਨਾਮੇ, ਅਖੰਡ ਕੀਰਤਨ ਅਤੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ, ਪੰਥ ਅਤੇ ਦੇਸ ਲਈ ਚੜ੍ਹਦੀ ਕਲਾ ਵਾਲੇ ਬਿਰਤਾਂਤ, ਜੇਲ੍ਹ ਯਾਤਰਾ ਸਮੇਂ ਕਠਨਾਈਆਂ ਤੇ ਨਾਮ ਬਾਣੀ ਦੇ ਸਦਕੇ ਅਡੋਲਤਾ, ਗੁਰਮਤਿ ਅਸੂਲਾਂ ਲਈ ਪ੍ਰਪਕਤਾ ਅਤੇ ਗੁਰਮਤਿ-ਫ਼ਿਲਾਸਫ਼ੀ ਸੰਬੰਧੀ ਸਾਹਿਤ-ਸਿਰਜਨਾ ਆਦਿ ਦੇ ਵਲਵਲਿਆਂ ਨਾਲ ਭਰਪੂਰ ਸੀ। ਭਾਈ ਸਾਹਿਬ ਜੀ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਗੁ: ਅਕਾਲੀ ਬੁੰਗਾ ਨਾਰੰਗਵਾਲ ਵਿਖੇ ਸਿੰਘਾਂ ਦੇ ਭਾਰੀ ਇਕੱਠ ਵਿਚ ਬਾਊ ਜੀ ਨੇ ਜਥੇ ਵਲੋਂ **ਐਲਾਨ ਕੀਤਾ ਕਿ ਭਾਈ ਸਾਹਿਬ ਦੇ ਨਾਂ ਹੇਠ ਕੋਈ ਸੰਪਰਦਾ ਨਹੀਂ ਚਲੇਗੀ। ਸੰਪਰਦਾ ਅਤੇ ਗੱਦੀ ਨਹੀਂ ਚਲੇਗੀ। ਇਹ ਕੋਈ ਡੇਰਾ ਨਹੀਂ ਹੈ; ਸਗੋਂ ਕਿਰਤੀਆਂ ਦਾ ਜਥਾ ਹੈ। ਪੰਜ ਪਿਆਰੇ ਸਭ ਕਾਰਜ ਨਿਭਾਉਣਗੇ, ਕਦੇ ਕੋਈ, ਕਦੇ ਕੋਈ। ਪੰਥ ਵਿਚ ਕਈ ਜੱਥੇ ਹਨ, ਥੋੜਾ ਬਹੁਤਾ ਵਰਤ-ਵਰਤਾਰੇ ਦਾ ਫਰਕ ਹੈ। ਪਰ ਸਭ ਪੰਥ ਦਾ ਅੰਗ ਹਨ। ਮੈਂ ਸੰਗਤਾਂ ਦੇ ਜੋੜੇ ਝਾੜਨ ਵਾਲਾ ਹਾਂ।**" ਬਾਬੂ ਜੀ ਦੀ ਇਸ ਵੀਚਾਰ-ਧਾਰਾ ਤੇ ਜਥਾ ਪੂਰੀ ਪਰਪਕਤਾ ਨਾਲ ਕਾਇਮ ਹੈ। ਅਤੇ ਇਨ੍ਹਾਂ ਬਚਨਾਂ ਤੇ ਫੁਲ ਚੜ੍ਹਾ ਰਿਹਾ ਹੈ।

ਭਾਈ ਸਾਹਿਬ ਵਾਂਗ ਹੀ ਬਾਊ ਜੀ ਜਥੇ ਵਿਚ ਪੂਰਨ ਤੌਰ ਤੇ ਸਦਾ ਹੀ ਸਤਿਕਾਰੇ ਜਾਂਦੇ ਰਹੇ। ਆਪ ਜੀ ਇਕ ਪੂਜਨੀਕ ਗੁਰਸਿਖ ਸਨ।

ਇਨ੍ਹਾਂ ਨੇ ਇਕ ਦਿਨ ਕੋਠੀ ਨੰਬਰ ੭੯ ਵਿਚ ਬੈਠਿਆਂ ਦਾਸ ਨੂੰ ਸਦਿਆ ਤੇ ਕਿਹਾ ਕਿ ਭਾਈ ਗਿਆਨੀ, ਜਿਸ ਤਰ੍ਹਾਂ ਸਾਡੇ ਤਰਨ ਤਾਰਨ ਸਾਹਿਬ ਵਾਲੇ ਮਕਾਨ ਦਾ ਫੈਸਲਾ ਕਰਵਾਇਆ ਸੀ, ਹੁਣ ਇਸ ਕੋਠੀ ਦਾ ਵੀ ਕਰਨਾ ਹੈ। ਸਵਾਸਾਂ ਦਾ ਕੋਈ ਪਤਾ ਨਹੀਂ, ਮੈਂ ਚਾਹੁੰਦਾ ਹਾਂ ਕਿ ਇਹ ਕੋਠੀ ਜੋ ਮੇਰੇ ਨਾਮ ਤੇ ਚਲੀ ਆਉਂਦੀ ਹੈ, ਹੁਣ ਇਹ ਬੀਬੀ ਦਲੇਰ ਕੌਰ ਜੀ ਹੁਰਾਂ ਦੇ ਨਾਮ ਤੇ ਹੋ ਜਾਵੇ। ਜਿਸ ਕਿਸੇ ਨੂੰ ਵੀ ਮਿਲਣਾ ਹੈ, ਮਿਲਕੇ

* ਸਿਰੀਰਾਗੁ ਮ: ੧—੨੩

(ਬਾਕੀ ਦੇਖੋ ਸਫ਼ਾ ੨੮)



www.AKJ.Org

# ਗੁਰੂ—ਸਿਧਾਂਤਕ ਪੱਖ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ (੧) [੪੬੩]

ਮਾਦੀ ਦੁਨੀਆ ਦੇ ਅੰਨ੍ਹੇਰੇ ਵਿਚ ਸੂਰਜ ਚਾਨਣਾ ਕਰਦਾ ਹੈ। ਇਸ ਚਾਨਣ ਤੋਂ ਬਗ਼ੈਰ ਜੀਵਨ ਬੇ-ਸੁਆਦਾ ਤੇ ਦੁਖੀ ਹੋ ਜਾਂਦਾ ਹੈ। ਅਧਿਆਤਮਕ ਜੀਵਨ ਦੇ ਅੰਨ੍ਹੇਰੇ ਵਿਚ ਗੁਰੂ ਚਾਨਣ ਕਰਦਾ ਹੈ। ਅਧਿ-ਆਤਮਕ ਜੀਵਨ ਦਾ ਅੰਨ੍ਹੇਰਾ ਵੱਖਰੀ ਕਿਸਮ (ਅਗਿਆਨਤਾ) ਦਾ ਹੈ। ਇਸ ਨੂੰ ਦੂਰ ਕਰਨ ਵਿਚ ਸੂਰਜ ਦੀ ਰੌਸ਼ਨੀ ਦਾ ਕੋਈ ਵੱਸ ਨਹੀਂ ਚਲਦਾ। ਇਕ ਨਹੀਂ ਭਾਵੇਂ ਹਜ਼ਾਰਾਂ ਸੂਰਜ ਚੜ੍ਹ ਪੈਣ ਤਾਂ ਵੀ ਅਗਿਆਨਤਾ ਦਾ ਅੰਨ੍ਹੇਰਾ ਦੂਰ ਨਹੀਂ ਹੋ ਸਕਦਾ। ਇਹ ਦੂਰ ਹੁੰਦਾ ਹੈ ਕੇਵਲ ਗੁਰੂ ਦੁਆਰਾ। ਇਸ ਲਈ ਗੁਰਬਾਣੀ ਵਿਚ ਗੁਰੂ ਧਾਰਨ ਕਰਨ ਲਈ ਬਹੁਤ ਜ਼ੋਰ ਦਿਤਾ ਹੋਇਆ ਹੈ।

**ਪ੍ਰਸ਼ਨ—ਗੁਰੂ ਕੀ ਹੈ ?**

**ਉੱਤਰ**—ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥੧॥ [੬੩੫]
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ [ਸਿਧ ਗੋਸਟਿ, ੯੪੩
ਸਤਿਗੁਰ ਬਚਨ ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ ॥ ੫॥(੮॥੩) [੧੩੧੦
ਸਬਦ ਗੁਰੂ ਗੁਰੁ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥੨੦॥੭॥ ਭਾ: ਗੁਰਦਾਸ ਜੀ
ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ ॥੨੫॥੨੪॥ (ਵਾਰਾਂ)

**ਵਿਚਾਰ**—"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਬਦ' ਦੇ ਅਰਥ, ਕਰਤਾਰ, ਸਤਿਗੁਰਾਂ ਦੁਆਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ, ਧਰਮ, ਗੁਰਮੰਤਰ ਅਤੇ ਗੁਰਬਾਣੀ ਹਨ।" [ਗੁਰਮਤਿ ਮਾਰਤੰਡ, ਭਾ: ਕਾਨ੍ਹ ਸਿੰਘ ਜੀ

ਗੁਰਬਾਣੀ ਅਨੁਸਾਰ "ਸ਼ਬਦ" ਗੁਰੂ ਹੈ। 'ਸ਼ਬਦ' ਪਰਮ-ਸਤਾ (ਵਾਹਿਗੁਰੂ) ਦੀ ਉਹ ਮੂਲ-ਸਤਾ ਹੈ, ਜਿਸ ਦੁਆਰਾ ਜਗਤ ਦੀ ਉਤਪਤੀ ਤੇ ਪਰਲੋ ਹੁੰਦੀ :—

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥੧॥ (੧੩॥੧੪) [੧੧੭

'ਸ਼ਬਦ' ਉਹ ਜੋਤਿ-ਸੱਤਾ ਹੈ ਜੋ ਜੀਵ ਦੀ ਅਗਿਆਨਤਾ ਦੇ ਅੰਨ੍ਹੇਰੇ ਵਿਚ ਪਰਕਾਸ਼ ਕਰਦੀ ਹੈ। ਅਗਿਆਨਤਾ ਦੀ ਅੰਸ਼ ਮਨੁੱਖ ਦੀ ਸੁਰਤੀ ਵਿਚ ਹੁੰਦੀ ਹੈ ਤੇ ਸ਼ਬਦ-ਗਿਆਨ ਸੁਰਤੀ ਵਿਚ ਪ੍ਰਕਾਸ਼ ਕਰਦਾ ਹੈ। ਇਸ ਲਈ ਸ਼ਬਦ ਗੁਰੂ ਹੈ ਅਤੇ ਜੀਵ ਦੀ ਸੁਰਤੀ ਇਸ ਸ਼ਬਦ-ਧੁਨੀ ਦਾ ਚੇਲਾ ਹੈ। ਸ਼ਬਦ-ਦੀਪਕ ਦਾ ਪ੍ਰਕਾਸ਼ ਹੀ ਤ੍ਰੈਲੋਕੀ ਦੇ ਤਮ-ਅੰਨ੍ਹੇਰੇ ਵਿਚ ਚਾਨਣ ਕਰਦਾ ਹੈ। ਸ਼ਬਦ ਤੋਂ ਬਗ਼ੈਰ ਜਗਤ ਵਿਚ ਘੁੱਪ ਅੰਨ੍ਹੇਰਾ ਹੀ ਰਹਿੰਦਾ ਹੈ ਤੇ ਸ਼ਬਦ ਸੋਝੀ ਤੋਂ ਵਿਰਵਾ ਜੀਵ ਜੀਵਨ ਭਰ ਭਟਕਦਾ ਹੀ ਰਹਿੰਦਾ ਹੈ।

ਵਾਸਤਵ ਵਿਚ 'ਸ਼ਬਦ' ਗਿਆਨ ਦਾ ਮੂਲ-ਸੋਮਾ ਹੈ ਤੇ ਇਹ ਗੁਰੂ ਹੈ :—

ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ ॥੧॥(੩॥੧) ਪਾ: ੧੦
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥(੧੪॥੩੪) [੧੬੨

**ਸ਼ਬਦ ਦੀ ਕਰਾਮਾਤ :—**

ਵਾਹਿਗੁਰੂ ਅਦ੍ਰਿਸ਼ਟ ਹੈ। ਉਸ ਦੀ ਹਸਤੀ ਤ੍ਰੈਗੁਣੀ ਸੰਸਾਰ ਦੀ ਮਾਇਆ ਤੋਂ ਅਡਰੀ ਤੇ ਦਿਬ-ਲਤੀਫ਼ੀ ਹੈ। ਮਾਦੀ ਪਦਾਰਥ ਸਾਡੀਆਂ ਅਸਥੂਲ ਅੱਖੀਆਂ ਨਾਲ ਦੇਖੇ ਜਾ ਸਕਦੇ ਹਨ, ਪਰ ਵਾਹਿਗੁਰੂ ਜੀ ਦੀ ਦਿਬ-ਹਸਤੀ ਲਈ ਦਿਬ-ਦ੍ਰਿਸ਼ਟੀ ਲੋੜੀਂਦੀ ਹੈ। ਦਿਬ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਗੁਰੂ ਦੇ ਸ਼ਬਦ ਦੁਆਰਾ। ਤੇ ਸ਼ਬਦ-ਅਭਿਆਸ ਦੀ ਬਰਕਤ ਨਾਲ ਪ੍ਰਾਪਤ ਹੋਈ ਦਿਬ-ਦ੍ਰਿਸ਼ਟੀ ਦੁਆਰਾ ਅਦ੍ਰਿਸ਼ਟ ਵਾਹਿਗੁਰੂ



www.AKJ.Org

ਨੂੰ ਪਛਾਣ ਲਈਦਾ ਹੈ।

ਆਪੇ ਗੁਪਤੁ ਵਰਤੈ ਸਭ ਅੰਤਰਿ, ਗੁਰ ਕੈ ਸਬਦਿ ਪਛਾਤਾ ਹੇ ॥੧॥ [੧੦੫੨

**ਸਬਦੇ ਕਾਢਿ ਪੀਐ ਪਨਿਹਾਰੀ–**

ਗੁਰਬਾਣੀ ਤੋਂ ਇਹ ਗਿਆਨ ਹੁੰਦਾ ਹੈ ਕਿ ਅੰਮ੍ਰਿਤ ਦਾ ਭੰਡਾਰਾ ਹਰੇਕ ਮਨੁੱਖ ਦੇ ਅੰਦਰ ਹੀ ਵਿਧਾਤਾ ਵਲੋਂ ਰਖਿਆ ਹੋਇਆ ਹੈ। ਅਗਿਆਨਤਾ ਅਤੇ ਜੁਗਤਿ-ਹੀਣਤਾ ਕਾਰਨ ਮਨੁੱਖ ਇਸ ਦਾਤਿ ਤੋਂ ਵਿਰਵਾ ਰਹਿੰਦਾ ਹੈ।

ਜਿਵੇਂ ਨਲਕੇ (ਹੈਂਡ-ਪੰਪ) ਦਾ ਪਾਣੀ ਕਈ ਵਾਰੀ ਜਦੋਂ ਥੱਲੇ ਲਹਿ ਜਾਵੇ ਤਾਂ ਉਤੋਂ ਪਾਣੀ ਪਾ ਕੇ ਗੇੜਨ ਨਾਲ ਉਪਰ ਆ ਜਾਂਦਾ ਹੈ, ਏਸੇ ਤਰ੍ਹਾਂ ਅੰਮ੍ਰਿਤ-ਸੰਪੰਨ ਸ਼ਬਦ ਦੇ ਇਕ-ਮਨ ਇਕ-ਚਿਤ ਅਭਿਆਸ ਦੁਆਰਾ ਅੰਦਰਲਾ ਗੁਪਤ-ਅੰਮ੍ਰਿਤ ਪਰਗਟ ਹੋ ਜਾਂਦਾ ਹੈ ਤੇ ਅੰਮ੍ਰਿਤ ਭੁੰਚ ਕੇ ਮਨੁੱਖ ਪੂਰਨ ਤੌਰ ਤੇ ਤ੍ਰਿਪਤ ਤੇ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ :–

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦ ਕਾਢਿ ਪੀਐ ਪਨਿਹਾਰੀ ॥੨॥ (੪॥੫) [੫੭੦

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ–**

ਸ਼ਬਦ ਕਲਾ-ਸੰਪੰਨ ਹੈ। ਸ਼ਬਦ ਦੀ ਪਾਰਸ-ਰਸਾਇਣੀ ਪਰਸ ਦੁਆਰਾ, ਸ਼ਬਦ ਦੀ ਜੋਤਿ-ਕ੍ਰਿਸ਼ਮਾਇਣੀ ਕਲਾ ਸੁਰਤੀ ਵਿਚ ਪਰਵੇਸ਼ ਕਰ ਜਾਂਦੀ ਹੈ, ਪਰ ਇਹ ਪਾਰਸ-ਕਲਾ ਤਦੋਂ ਵਰਤਦੀ ਹੈ ਜਦੋਂ ਸੁਰਤੀ ਸ਼ਬਦ ਵਿਚ ਪਹੁੰਚ ਜਾਵੇ।

ਸ਼ਬਦ ਦੀ ਬ੍ਰਹਮ-ਅਗਨ ਦੁਆਰਾ ਸੁਰਤੀ ਵਿਚੋਂ ਮਾਇਆ ਦਾ ਮੋਹ ਸੜ ਬਲ ਕੇ ਸੁਆਹ ਹੋ ਜਾਂਦਾ ਹੈ। ਸ਼ਬਦ ਦੀ ਚੋਟ ਸਹਾਰਨੀ ਬੜਾ ਕਠਨ ਕੰਮ ਹੈ। ਆਪਾ-ਭਾਵ ਵਾਲੀ ਦੁਰਮਤਿ-ਹੋਂਦ ਮਿਟਾ ਕੇ ਹੀ ਸੁਰਤੀ ਸ਼ਬਦ ਵਿਚ ਲੀਨ ਹੋ ਸਕਦੀ ਹੈ। ਸ਼ਬਦ-ਅੰਮ੍ਰਿਤ ਦੇ ਆਸ਼ਕ ਜਾਨ ਦੀ ਬਾਜ਼ੀ ਲਾ ਕੇ ਸ਼ਬਦ ਵਿਚ ਸਮੋ ਜਾਂਦੇ ਹਨ। ਸ਼ਬਦ-ਸੁਰਤ ਦਾ ਪਰਚਾ ਪੈਣ ਨਾਲ ਮਨੁੱਖ ਸਦ-ਜੀਵਨ ਵਾਲਾ ਹੋ ਜਾਂਦਾ ਹੈ ਤੇ ਇਥੇ ਪੁਜ ਕੇ ਮੌਤ ਦਾ ਡਰ ਮੁੱਕ ਜਾਂਦਾ ਹੈ :–

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਸਬਦੇ ਪਾਵੈ ਕੋਈ ॥੩॥ (੪॥੧੧) [੬੦੪

ਸ਼ਬਦ ਦੀ ਸ੍ਰੋਤ ਸੁਣ ਕੇ ਜਮ ਭੈ-ਭੀਤ ਹੋ ਜਾਂਦਾ ਹੈ, ਮਾਨੋ ਮੌਤ ਨੂੰ ਮੌਤ ਵਾਪਰ ਜਾਂਦੀ ਹੈ :–

ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥
ਸਬਦੁ ਸੁਣੈ ਤਾ ਦੂਰਹੁ ਭਾਗੈ, ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ [੧੦੫੪

**ਪ੍ਰਸ਼ਨ :–ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਸਤਿਗੁਰੂ ਸਾਹਿਬਾਨ ਹੋਏ ਅਤੇ ਉਹਨਾਂ ਦੀ ਥਾਵੇਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੇ ਸ਼ਬਦ ਗੁਰੂ ਹੈ ਤਾਂ ਦਸ ਪਾਤਸ਼ਾਹੀਆਂ ਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀ ਦਰਜਾ ਹੈ?**

**ਉੱਤਰ**–ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੪॥੧੧॥ [੫੯੯
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥ [ਬੇਨਤੀ ਚੌਪਈ
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥ (੨੧) [੫੯੪

**ਵਿਚਾਰ**–ਗੁਰੂ ਵਿਅਕਤੀ ਨਹੀਂ, ਸ਼ਕਤੀ ਹੈ। ਬੇਅੰਤ ਗੁਣਾਂ ਵਿਚੋਂ ਅਕਾਲ-ਪੁਰਖ ਦਾ ਇਕ ਗੁਣ "ਗੁਰੂ-ਗੁਣ" ਹੈ। ਉਹ ਪਰਮ-ਜੋਤੀ ਹੈ, ਜੋ ਤਮ-ਅੰਨ੍ਹੇਰੇ ਵਿਚ ਪ੍ਰਕਾਸ਼ ਕਰਦਾ ਹੈ। ਅਕਾਲ ਪੁਰਖ ਨਿਰਗੁਣ



www.AKJ.Org

ਹੈ, ਜੋਤਿ-ਸਰੂਪ ਹੈ । ਉਸ ਦੀ ਹਸਤੀ ਦਾ ਕੋਈ ਅਕਾਰ ਨਹੀਂ । ਜੋਤਿ ਦਾ ਕੋਈ ਅਕਾਰ ਨਹੀਂ ਹੁੰਦਾ ।

ਸ਼ਬਦ ਤੋਂ ਬਗੈਰ ਮਨੁੱਖ ਨੂੰ ਆਪਣੇ ਅੰਦਰ ਵਸਦਾ ਅਤੇ ਕਣ ਕਣ ਵਿਚ ਹਲੂਲ ਹੋਇਆ ਪ੍ਰਮਾਤਮਾ ਦਿਸਦਾ ਨਹੀਂ, ਆਪਣੇ ਅੰਦਰ ਵਜਦਾ ਅਨਹਦ-ਨਾਦ ਹੀ ਨਹੀਂ ਸੁਣੀਦਾ ਤੇ ਇਸ ਤਰ੍ਹਾਂ ਮਨੁੱਖ ਸ਼ਬਦ ਦੀ ਸੋਝੀ ਤੋਂ ਬਗੈਰ ਅੰਨ੍ਹਾ ਤੇ ਡੋਰਾ ਹੀ ਰਹਿੰਦਾ ਹੈ ।

ਬਿਨੁ ਸਬਦੈ ਸੁਣੀਐ ਨ ਦੇਖੀਐ, ਜਗੁ ਬੋਲਾ ਅੰਨਾ ਭਰਮਾਇ ॥੮॥੧੩॥ [੪੨੯
ਸਬਦੁ ਨ ਜਾਣਹਿ ਸੇ ਅੰਨੇ ਬੋਲੇ, ਸੇ ਕਿਤੁ ਆਏ ਸੰਸਾਰਾ ॥੩॥੪॥ [੬੦੧

ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਗੁਰੂ ਮਿਲਿਆ ਤੇ ਅਕਾਲ ਪੁਰਖ ਦੀ ਬਖਸ਼ਿਸ਼ ਦੁਆਰਾ ਉਨ੍ਹਾਂ ਦੇ ਹਿਰਦੇ ਵਿਚ ਸ਼ਬਦ-ਜੋਤਿ ਦਾ ਪ੍ਰਕਾਸ਼ ਹੋ ਗਿਆ । ਦੁਬਿਧਾ, ਦੂਈ ਤੇ ਹਉਮੈ ਦਾ ਪੂਰਨ ਅਭਾਵ ਹੋ ਗਿਆ । ਅੰਤਰ-ਆਤਮੇ ਜੋਤਿ ਵਿਚ ਜੋਤਿ ਹਲੂਲ ਹੋ ਗਈ ਤੇ ਦ੍ਵੈ ਤੇ ਏਕ ਰੂਪ ਹ੍ਵੈ ਗਇਓ ਵਾਲਾ ਵਰਤਾਰਾ ਵਰਤ ਗਿਆ । ਆਪ ਦੇ ਅੰਦਰ ਸ਼ਬਦ ਦਾ ਵਾਜਾ ਅੰਤਰ-ਆਤਮੇ ਵਜ ਉਠਿਆ । ਆਪ ਜੀ ਦੀ ਨਿਜ-ਵਰਣਿਤ ਆਤਮ-ਕਥਾ ਇਸ ਪ੍ਰਕਾਰ ਹੈ :–

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ [੧੫੦

ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵਲੋਂ ਗੁਰੂ-ਪਦ ਦੀ ਬਖਸ਼ਿਸ਼ ਹੋਈ । ਬਚਨ ਹੋਇਆ :–

"ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ, ਅਰੁ ਤੇਰਾ ਨਾਉਂ ਗੁਰੂ ਪਰਮੇਸਰੁ ।"

ਇਸ ਬਖਸ਼ਿਸ਼ ਦਾ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਸਾਰ ਉਤੇ 'ਸ਼ਬਦ' ਦੇ ਪਰਸਾਰ ਦਾ ਅਤੇ ਜੀਵਾਂ ਦੇ ਉਧਾਰ ਦਾ ਬਾਨ੍ਹਣੂ ਬੱਝਾ । ਹਿਰਦੇ ਵਿਚ ਸ਼ਬਦ-ਜੋਤਿ ਦੇ ਪ੍ਰਕਾਸ਼ ਹੋਣ ਦੇ ਅਤੇ ਅਕਾਲ ਪੁਰਖ ਵਿਚ ਅੰਤਰ-ਆਤਮੇ ਅਭੇਦਤਾ ਦੇ ਤੁਫ਼ੈਲ ਹੀ ਗੁਰੂ ਨਾਨਕ ਦੇਵ ਜੀ ਗੁਰੂ ਥਾਪੇ ਗਏ । ਉਹਨਾਂ ਦੇ ਗੁਰੂ ਹੋਣ ਦਾ ਆਧਾਰ ਸ਼ਬਦ-ਜੋਤਿ ਸੀ ਤੇ ਵਾਸਤਵ ਵਿਚ ਜੋਤਿ ਹੀ ਗੁਰੂ ਸੀ ।

ਅਧਿਆਤਮਕ ਸਿਧਾਂਤ ਅਨੁਸਾਰ ਗੁਰੂ 'ਸ਼ਬਦ' ਹੈ ਤੇ ਚੇਲਾ 'ਸੁਰਤਿ' । ਦੋਵੇਂ ਸੂਖਮ ਤਤ੍ਵ ਹਨ । ਇਹਨਾਂ ਦੋਵਾਂ ਤੱਤਾਂ ਵਿਚ ਚੇਤਨਤਾ ਦੀ ਸਾਂਝ ਹੈ । ਸ਼ਬਦ ਜੋਤਿ ਨਾਲ ਛੁਹ ਕੇ ਸੁਰਤਿ ਜਗਮਗਾ ਉਠਦੀ ਹੈ । ਸ਼ਬਦ ਨੂੰ ਸੁਰਤਿ ਆਪਣੇ ਵਿਚ ਸਮੋ ਕੇ ਸ਼ਬਦ ਰੂਪ ਹੀ ਹੋ ਜਾਂਦੀ ਹੈ । ਇਹ ਹੈ ਗੁਰੂ ਅਤੇ ਚੇਲੇ ਦੀ ਅਭੇਦਤਾ ਦੀ ਸਦੀਵੀ ਗਾਥਾ ਦਾ ਤਤਸਾਰ । ਇਸ ਸੂਖਮ ਖੇਡ ਦੇ ਡੂੰਘੇ ਰਹੱਸ ਨੂੰ ਮਾਦੀ ਦ੍ਰਿਸ਼ਟੀ ਵਾਲੇ ਸੰਸਾਰੀ ਜੀਵ ਨਹੀਂ ਸਮਝ ਸਕਦੇ । ਉਹ ਸਰੀਰ ਨੂੰ ਹੀ ਗੁਰੂ ਮੰਨਦੇ ਹਨ ਅਤੇ ਸਰੀਰ ਨੂੰ ਹੀ ਚੇਲਾ, ਇਹ ਇਕ ਵੱਡੀ ਭੁੱਲ ਹੈ । ਇਹ ਭੁਲੇਖਾ ਖ਼ੁਦ-ਸਾਖ਼ਤਾ ਡਿੰਭੀ, ਪਾਖੰਡੀ, ਤੇ ਗਰਜ਼-ਗ੍ਰਸਤ ਅੰਨ੍ਹੇ ਗੁਰੂਆਂ ਅਤੇ ਉਹਨਾਂ ਦੇ ਅੰਨ੍ਹੇ ਚੇਲਿਆਂ ਦਾ ਹੀ ਪਾਇਆ ਹੋਇਆ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਅਗਲੇਰੇ ਨੌਂ ਜਾਮੇ ਮਨੁੱਖੀ ਸਰੀਰ ਵਿਚ ਹੋਏ । ਕੁਦਰਤ ਦਾ ਅਟੱਲ ਨਿਯਮ ਹੈ ਕਿ ਸਰੀਰ ਸਾਰੇ ਬਿਨਸਨਹਾਰ ਹਨ । ਸੋ ਸਰੀਰ ਜਾਮੇ ਸਮੇਂ ਸਮੇਂ ਬਦਲਦੇ ਰਹੇ । 'ਸ਼ਬਦ-ਜੋਤਿ' ਜੋ ਗੁਰੂ-ਤਤ੍ਵ ਸੀ, ਸਦਾ ਇਕ-ਰਸ ਅਟੱਲ ਰਹੀ ਅਤੇ ਇਕ ਜਾਮੇ ਵਿਚੋਂ ਦੂਜੇ ਵਿਚ ਪ੍ਰਵੇਸ਼ ਹੁੰਦੀ ਰਹੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਉਂਦੇ-ਜੀਅ ਹੀ ਭਾਈ ਲਹਿਣੇ ਜੀ ਵਿਚ ਜੋਤਿ ਦਾ ਪ੍ਰਕਾਸ਼ ਕਰ ਦਿੱਤਾ ਅਤੇ ਗੁਰਤਾ ਦਾ ਟਿੱਕਾ ਉਹਨਾਂ ਨੂੰ ਬਖਸ਼ਿਆ ਤੇ ਇਸੇ ਤਰ੍ਹਾਂ ਜੋਤਿ ਤੋਂ ਜੋਤਿ ਜਗਦੀ ਰਹੀ ਤੇ ਗੁਰਤਾ ਦਾ ਸਿਲਸਿਲਾ ਅੱਗੇ ਤੋਂ ਅੱਗੇ ਚਲਦਾ ਰਿਹਾ । ਇਸ ਲੰਮੇ ਸਮੇਂ ਵਿਚ ਅਨੇਕਾਂ ਬ੍ਰਹਮ ਗਿਆਨੀ ਤੱਤ- ਵੇਤਾ ਗੁਰਮੁਖਾਂ ਦੇ ਹਿਰਦੇ ਵਿਚ ਵੀ ਗੁਰੂ ਮਿਹਰ ਦਾ ਸਦਕਾ ਪੂਰਨ ਜੋਤਿ ਦਾ ਪ੍ਰਕਾਸ਼ ਹੁੰਦਾ ਰਿਹਾ, ਪਰ ਉਹ ਸਾਰੇ ਗੁਰਸਿਖ ਹੀ ਰਹੇ । ਗੁਰੂ ਕੇਵਲ ਸੋ ਹੀ ਬਣਦਾ ਰਿਹਾ, ਜਿਸ ਨੂੰ ਸਮਰੱਥ ਗੁਰੂ ਵੱਲੋਂ ਅਜ਼ਲੀ



www.AKJ.Org

ਰਜ਼ਾ ਵਿਚ ਗੁਰੂ ਟਿਕਿਆ ਜਾਂਦਾ ਰਿਹਾ।

ਸਤਿਗੁਰਾਂ ਦੀ ਹੀਣ-ਹਯਾਤ ਵਿਚ ਹੀ ਆਪ-ਹੁਦਰੇ ਤੇ ਗਰਜ-ਗਸਤ ਬੰਦਿਆਂ ਵੱਲੋਂ ਗੁਰੂ ਬਣ ਬੈਠਣ ਦੀ ਹਮਾਕਤ ਕਈ ਵਾਰ ਕੀਤੀ ਗਈ। ਗੁਰਬਾਣੀ ਵਿਚ ਜਿੱਥੇ ਸੱਚੇ ਗੁਰੂ ਦੀ ਸ਼ਰਨ ਲੈਣ ਤੇ ਜ਼ੋਰ ਦਿੱਤਾ ਹੋਇਆ ਹੈ, ਉੱਥੇ ਨਾਲ ਹੀ ਡਿੰਭੀ ਤੇ ਅੰਨ੍ਹੇ ਗੁਰੂਆਂ ਦੇ ਜਾਲ ਤੋਂ ਸੁਚੇਤ ਰਹਿਣ ਲਈ ਵੀ ਸਾਵਧਾਨ ਕੀਤਾ ਹੋਇਆ ਹੈ।

ਅੰਧੇ ਗੁਰੂ ਤੇ ਭਰਮੁ ਨ ਜਾਈ ॥੩॥ (੮॥੬) [੨੩੨

ਅੰਨ੍ਹੇ ਗੁਰੂਆਂ ਅਤੇ ਉਹਨਾਂ ਦੇ ਅੰਨ੍ਹੇ ਚੇਲਿਆਂ ਦੀਆਂ ਕਰਤੂਤਾਂ ਦਾ ਵਰਤਾਰਾ ਦਸ ਕੇ ਗੁਰੂ ਪਾਤਸ਼ਾਹ ਨੇ ਇਹਨਾਂ ਤੋਂ ਸਿਖ-ਸੰਗਤਾ ਨੂੰ ਚੰਗੀ ਤਰ੍ਹਾਂ ਖ਼ਬਰਦਾਰ ਕੀਤਾ :—

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥੨॥੧੦॥ [੯੫੧

ਗੁਰਬਾਣੀ ਦੇ ਗਿਆਨ ਸਦਕਾ ਸਿਖ ਸੰਗਤਾਂ ਡਿੰਭੀ ਗੁਰੂਆਂ ਦੇ ਭਰਮ-ਜਾਲ ਤੋਂ ਸਦਾ ਸੁਚੇਤ ਰਹੀਆਂ। ਇਸ ਸਦੀਵੀ ਖ਼ਤਰੇ ਨੂੰ ਅਨੁਭਵ ਕਰ ਕੇ ਤ੍ਰਿਕਾਲ ਦਰਸੀ ਸਤਿਗੁਰਾਂ ਨੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਗੁਰਮਤਿ ਦਾ ਧ੍ਵਜਾ ਬੱਧਾ ਤੇ ਗੁਰਤਾ ਦਾ ਟਿੱਕਾ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤਾ, ਜੋ ਜੁਗੋ ਜੁਗ ਅਟੱਲ ਸਤਿਗੁਰੂ ਜੀ ਹਨ। ਗੁਰੂ-ਜੋਤੀ ਭਾਵ 'ਸ਼ਬਦ' ਦੇ ਪਰਸਾਰ ਲਈ ਗੁਰੂ-ਸਰੀਰ ਕੇਵਲ ਇਕ ਮਾਧਿਅਮ (medium) ਸੀ। ਉਹ ਮਾਧਿਅਮ ਅਜ ਗੁਰਮਤਿ ਰਹਿਤ ਰਹਿਣੀ ਵਾਲੇ ਤਿਆਰ ਬਰ ਤਿਆਰ, ਜੋਤਿ-ਪ੍ਰਕਾਸ਼ੀ ਸਿੰਘਾਂ ਦਾ ਸਮੂਹ ਪੰਥ ਹੈ। ਸ਼ਬਦ ਨੂੰ ਗੁਰਤਾ ਬਖਸ਼ ਕੇ ਗੁਰਮਤਿ ਦਾ ਇਹ ਸਿਧਾਂਤ ਦ੍ਰਿੜ੍ਹ ਕਰਾਇਆ ਕਿ ਗੁਰੂ ਵਿਅਕਤੀ ਨਹੀਂ, ਸ਼ਕਤੀ ਹੈ। ਗੁਰਬਾਣੀ ਇਸ ਸੰਬੰਧੀ ਕਿਸੇ ਭੁਲੇਖੇ ਦੀ ਗੁੰਜੈਸ਼ ਹੀ ਨਹੀਂ ਰਹਿਣ ਦਿੰਦੀ :—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (੫੯੪)

**ਪ੍ਰਸ਼ਨ :—ਸ਼ਬਦ ਦਾ ਕੀ ਸਰੂਪ ਹੈ ਤੇ ਸ਼ਬਦ ਕਿਥੋਂ ਮਿਲਦਾ ਹੈ ?**

ਸੁ ਸਬਦ ਕਾ ਕਹਾ ਵਾਸੁ ਕਥੀਅਲੇ, ਜਿਤੁ ਤਰੀਐ ਭਵਜਲੁ ਸੰਸਾਰੋ ? ੫੮ ॥ [੯੪੪

**ਉੱਤਰ** :—ਸੁ ਸਬਦੁ ਕਉ ਨਿਰੰਤਰਿ ਵਾਸੁ, ਅਲਖੰ ਜਹ ਦੇਖਾ ਤਹ ਸੋਈ ॥੫੯। [੯੪੪
ਸਬਦੁ ਦੀਪਕੁ ਵਰਤੈ ਤਿਹੁ ਲੋਇ ॥੨। (੪।੨) [੬੬੪
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ਰਹਾਉ ॥ (੫॥੬) [੫੯੭

**ਵਿਚਾਰ** :—ਸਬਦ ਇਕ ਵਿਆਪਕ ਸੱਤਾ ਹੈ, ਸ਼ਕਤੀ ਹੈ, ਜੋਤੀ ਹੈ, ਜਿਸ ਦਾ ਕੋਈ ਸਰੂਪ ਨਹੀਂ ਹੁੰਦਾ ਪਰ ਦ੍ਰਿਸ਼ਟਮਾਨ ਸਾਰੇ ਸਰੂਪ ਸ਼ਬਦ ਦੁਆਰਾ ਹੀ ਹੋਂਦ ਵਿਚ ਆਏ ਹਨ :—

ਉਤਪਤਿ ਪਰਲਉ ਸਬਦੇ ਹੋਵੈ ॥੧॥ (੩॥੧੪) [੧੧੭

ਇਹ ਸੱਤਾ ਸ਼ਬਦ ਦੇ ਪੁੰਜ ਅਕਾਲ ਪੁਰਖ ਵਿਚੋਂ ਨਿਕਲੀ ਹੈ। ਇਸ ਦਾ ਪ੍ਰਕਾਸ਼ ਅਕਾਲ ਪੁਰਖ ਦੀ ਮਿਹਰ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਹੋਇਆ—ਤੇ ਸੰਸਾਰ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਗੁਰਬਾਣੀ ਦੇ ਰੂਪ ਵਿਚ ਪਰਗਟ ਹੋਇਆ।

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥੨॥ [੧੨੭੯



www.AKJ.Org

**ਬਾਣੀ ਗੁਰੂ ਗੁਰੂ ਹੈ ਬਾਣੀ–**

ਗੁਰੂ ਅਤੇ ਬਾਣੀ ਆਪਸ ਵਿਚ ਓਤਿ ਪੋਤਿ ਹਨ। ਗੁਰਬਾਣੀ ਅਗਿਆਨਤਾ ਦੇ ਅੰਨ੍ਹੇਰੇ ਵਿਚ ਚਾਨਣਾ ਕਰਦੀ ਹੈ ਅਤੇ ਜੀਵ ਦੀ ਹਰ ਪੱਖ ਵਿਚ ਅਗਵਾਈ ਕਰਦੀ ਹੈ। ਬਾਣੀ ਪਾਰਸ ਕਲਾ ਸੰਪੰਨ ਹੈ ਤੇ ਬਾਣੀ ਨੂੰ ਮਨ ਵਿਚ ਵਸਾਉਣ ਨਾਲ ਜੀਵ ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਦਾ ਜਨਮ ਮਰਨ ਦਾ ਗੇੜਾ ਕੱਟਿਆ ਜਾਂਦਾ ਹੈ।

ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ ॥੧॥ (੮॥੫॥੨੨) [੬੭
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥ [੬੭
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥
ਨਾਨਕ ਨਾਮੁ ਤਿਨਾ ਕਦੇ ਨ ਵੀਸਰੈ, ਸੇ ਦਰਿ ਸਚੇ ਜਾਣੁ ॥੯॥੧੩॥੩੫॥ [੪੨੯

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥੨॥ (੧੦) [੬੪੬

ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥ (੬॥੧) [੬੬੩
ਗੁਰਬਾਣੀ ਤੇ ਹਰਿ ਮੰਨਿ ਵਸਾਏ ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥ [੬੬੪
ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ (੪॥੫) [੬੬੫
ਸਤਿਗੁਰ ਕੀ ਜਿਸ ਨੋ ਮਤਿ ਆਵੈ, ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥ [੭੯੭

ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਪੁੰਜ ਹਨ, ਬਾਣੀ ਦਾ ਬੋਹਿਥਾ ਹਨ ਤੇ ਪਰਤੱਖ-ਪ੍ਰਮਾਣ ਸਤਿਗੁਰੂ ਜੀ ਹਨ। ਸੋ 'ਸ਼ਬਦ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪ੍ਰਾਪਤ ਹੁੰਦਾ ਹੈ।

ਸ਼ਬਦ ਦੇ ਪਰਸਾਰ ਲਈ ਦਸ ਜਾਮੇ ਹੋਏ। ਹੁਣ ਇਹ ਪਰਸਾਰ ਪੰਥ ਕਰ ਰਿਹਾ ਹੈ। ਪੰਥ ਗੁਰੂ ਕਾ ਸਰੀਰ ਹੈ। ਕਹਣੀ ਕਮਾਈ ਵਾਲੇ ਪੂਰਨ-ਜੋਤਿ-ਜਗੰਨੇ ਸਿੰਘਾਂ ਦੇ ਵਿਸ਼ਵ-ਵਿਆਪਕ ਸਮੂਹ ਦਾ ਨਾਮ ਪੰਥ ਹੈ। ਇਹ ਪ੍ਰਕਾਸ ਗੁਰਮਤਿ ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰਣੀ ਕਮਾਈ ਵਾਲੇ ਪੂਰਨ ਜੋਤਿ-ਜਗੰਨੇ ਸਿੰਘਾਂ ਦੁਆਰਾ ਗੁਰਦੀਖਿਆ ਰਾਹੀਂ ਜਗਿਆਸੂ ਹਿਰਦਿਆਂ ਵਿਚ ਨਿਰੰਤਰ ਹੁੰਦਾ ਆ ਰਿਹਾ ਹੈ ਅਤੇ ਸਦੀਵ-ਕਾਲ ਹੁੰਦਾ ਰਹੇਗਾ।

**ਪ੍ਰਸ਼ਨ–ਗੁਰੂ ਦੀ ਕਿਹੜੀ ਸੇਵਾ ਸ੍ਰੇਸ਼ਟ ਹੈ ?**

**ਉੱਤਰ** :–ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ਰਹਾਉ॥ [੬੬
ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ, ਗੁਰ ਆਗੈ ਜੀਉ ਧਰੇਇ ॥
ਸਤਿਗੁਰ ਕਾ ਭਾਣਾ ਚਿਤਿ ਕਰੇ, ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥ [੪੯੦
ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ, ਤਾ ਸੇਵਾ ਪਵੈ ਸਭ ਥਾਇ ॥੧॥ (੧੮) [੬੪੯
ਸੋਈ ਸੇਵਕੁ ਜੋ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥੩॥ [੭੫੩
ਗੁਰ ਕੀ ਸੇਵਾ ਮੀਠੀ ਲਾਗੀ ॥ ਅਨਦਿਨੁ ਸੂਖ ਸਹਜ ਸਮਾਧੀ ॥
ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ, ਗੁਰ ਕੀ ਸੇਵਾ ਪਿਆਰੀ ਹੇ ॥੧੧॥ [੧੦੫੦

**ਵਿਚਾਰ** :–(ੳ) ਸਤਿਗੁਰੂ ਦਾ ਉਪਦੇਸ਼ ਕਮਾਉਣਾ, ਭਾਵ ਨਾਮ ਜਪਣਾ, ਸਤਿਗੁਰੂ ਦੀ ਰਜ਼ਾ ਵਿਚ ਵਿਚਰਨਾ, ਸਤਿਗੁਰੂ ਦੀ ਦ੍ਰਿੜਾਈ ਰਹਿਤ ਵਿਚ ਰਹਿਣਾ ਹੀ ਸਤਿਗੁਰੂ ਦੀ ਪ੍ਰਮੁਖ ਤੇ ਆਦਰਸ਼ਕ ਸੇਵਾ ਹੈ।

www.AKJ.Org

ਇਹ ਸੇਵਾ ਮਹਾਨ ਤਪ ਹੈ :—

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥੪॥ (੮॥੨॥੨੪) [੪੨੩

(ਅ) ਸਤਿਗੁਰੂ ਦਾ ਸਦੀਵੀ ਨਿਵਾਸ ਸਤਸੰਗੀ ਗੁਰਸਿਖਾਂ ਦੇ ਹਿਰਦਿਆਂ ਵਿਚ ਹੁੰਦਾ ਹੈ। ਭੈ-ਭਾਵਨੀ ਵਿਚ ਸਾਧ ਸੰਗਤ ਦੀ ਸੇਵਾ ਕਰਨੀ, ਲੰਗਰ ਵਿਚ ਪਾਣੀ ਢੋਣਾ, ਜੂਠੇ ਭਾਂਡੇ ਮਾਂਜਣੇ, ਜੋੜਿਆਂ ਦੀ ਸੰਭਾਲ ਕਰਨੀ ਆਦਿ ਵੀ ਇਕ ਤਰ੍ਹਾਂ ਨਾਲ ਸਤਿਗੁਰੂ ਦੀ ਹੀ ਸੇਵਾ ਹੈ।

(ੲ) ਪ੍ਰਸਿੱਧ ਮਨੌਤ ਹੈ :—"ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।" ਸੋ ਲੋੜਵੰਦੇ ਗੁਰਸਿਖਾਂ ਦੀ ਤਨ, ਮਨ, ਧਨ ਦੁਆਰਾ ਸੇਵਾ ਕਰਨੀ ਵੀ ਗੁਰੂ ਕੀ ਹੀ ਸੇਵਾ ਹੈ।

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ, ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥੨॥੩੩॥ [੩੧੭

**ਪ੍ਰਸ਼ਨ :—ਗੁਰੂ ਦੇ ਮਿਲਾਪ ਦਾ ਕੀ ਲਾਭ ਹੈ ?**

**ਉੱਤਰ :—(ੳ) ਲੇਖਾ ਨਿਬੜਿਆ :—**

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ, ਤਿਨ੍ ਕਾ ਲੇਖਾ ਨਿਬੜਿਆ ॥੧੮॥੨॥ [੪੩੫

**ਵਿਚਾਰ** :—ਸਤਿਗੁਰੂ ਮਿਲੇ ਬਗੈਰ ਮਨੁੱਖ ਦੀ ਹਉਮੈ ਨਹੀਂ ਮਰਦੀ। ਹਉਮੈ ਬੰਧਨ ਦਾ ਮੂਲ ਹੈ। ਹਉਮੈ ਅਧੀਨ ਕੀਤੇ ਸਾਰੇ ਕਰਮ ਧਰਮ ਬੰਧਨ ਹੋ ਕੇ ਚੰਬੜੇ ਰਹਿੰਦੇ ਹਨ। ਹਉਮੈ ਵਿਚ ਚੰਗੇ ਮੰਦੇ ਕਰਮ ਕਰਦਿਆਂ ਮਨੁੱਖ ਧਰਮ-ਰਾਜ ਦੇ ਲੇਖੇ ਦੀ ਮਾਰ ਤੋਂ ਨਹੀਂ ਬਚ ਸਕਦਾ। ਜਿਨ੍ਹਾਂ ਵਡਭਾਗੇ ਮਨੁੱਖਾਂ ਨੂੰ ਸਤਿਗੁਰੂ ਮਿਲ ਜਾਂਦਾ ਹੈ ਉਨ੍ਹਾਂ ਦੇ ਸਾਰੇ ਕਰਮ ਹਉਂ-ਰਹਿਤ ਹੁੰਦੇ ਹਨ, ਰਜ਼ਾ ਵਿਚ ਹੁੰਦੇ ਹਨ। ਉਨ੍ਹਾਂ ਦਾ ਲੇਖਾ ਮੁੱਕ ਚੁੱਕ ਜਾਂਦਾ ਹੈ, ਪਰ ਇਹ ਕੁਝ ਹੁੰਦਾ ਹੈ ਗੁਰੂ ਧਾਰਨ ਕੀਤਿਆਂ, ਭਾਵ ਗੁਰੂ ਤੋਂ ਦੀਖਿਅਤ ਹੋਇਆਂ। ਸਤਿਗੁਰੂ ਤੋਂ ਦੀਖਿਆ ਪ੍ਰਾਪਤ ਹੁੰਦੀ ਹੈ ਅੰਮ੍ਰਿਤ ਛਕਣ ਨਾਲ।

**(ਅ) ਧਾਵਤ ਥੰਮਿਆ :—**

ਸਤਿਗੁਰ ਮਿਲਿਐ ਧਾਵਤੁ ਥੰਮਿ੍ਆ ਨਿਜ ਘਰਿ ਵਸਿਆ ਆਇ ॥
ਨਾਮੁ ਵਿਹਾਝੇ ਨਾਮੁ ਲਾਏ ਨਾਮਿ ਰਹੇ ਸਮਾਇ ॥੪॥ [੪੪੦

**ਵਿਚਾਰ** :—ਮਨੁਖ ਦੇ ਵਿਕਾਸ ਜਾਂ ਵਿਨਾਸ ਦਾ ਨਿਰਭਰ ਇਸ ਦੇ ਮਨ ਦੀ ਸਥਿਤੀ ਤੇ ਹੁੰਦਾ ਹੈ। ਮਨ ਇਕ ਪ੍ਰਬਲ ਸ਼ਕਤੀ ਹੈ, ਜੋ ਵਿਧਾਤਾ ਵਲੋਂ ਹਰੇਕ ਜੀਵ ਨੂੰ ਮਿਲੀ ਹੋਈ ਹੈ। ਜੇ ਇਹ ਸ਼ਕਤੀ (ਮਨ) ਕਿਸੇ ਦੇ ਵੱਸ ਵਿਚ ਹੋਵੇ ਤਾਂ ਇਸ ਦੀ ਯੋਗ ਵਰਤੋਂ ਕਰ ਕੇ ਜੀਵਨ ਸਫਲ ਕਰ ਲੈਂਦਾ ਹੈ, ਪਰ ਜੇ ਇਹ ਸ਼ਕਤੀ ਵੱਸ ਤੋਂ ਬਾਹਰ ਹੋਵੇ ਤਾਂ ਖੁਆਰੀ ਦਾ ਕਾਰਨ ਬਣਦੀ ਹੈ।

ਸਤਿਗੁਰੂ ਦੇ ਮਿਲਾਪ ਦੀ ਬਰਕਤ ਨਾਲ ਦਹਦਿਸ ਧਾਂਵਦਾਂ ਹੋਇਆ ਇਹ ਮਨ ਤੱਤਕਾਲ ਵੱਸ ਵਿਚ ਆ ਜਾਂਦਾ ਹੈ। ਨਾਮ ਅਭਿਆਸ ਦੀ ਬਰਕਤ ਨਾਲ ਇਹ ਆਪਣੇ ਨਿਜ ਘਰ, ਭਾਵ ਹਿਰਦੇ ਵਿਚ ਹੀ ਮਸਤ ਹੋਇਆ ਟਿਕਿਆ ਰਹਿੰਦਾ ਹੈ ਤੇ ਨਾਮ ਵਿਚ ਸਮਾਇਆ ਰਹਿੰਦਾ ਹੈ।

**(ੲ) ਦਸਵਾ ਦੁਆਰੁ ਪਾਇਆ :—**

ਧਾਵਤੁ ਥੰਮਿਆ ਸਤਿਗੁਰਿ ਮਿਲਿਐ, ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ, ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ ॥੪॥ [੪੪੧
ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ, ਇਕਨਾ ਦਸਵਾ ਦੁਆਰ ਦਿਖਾਇਆ ॥
ਤਹ ਅਨੇਕ ਰੂਪ ਨਉ ਨਵ ਨਿਧਿ, ਤਿਸ ਦਾ ਅੰਤੁ ਨ ਜਾਈ ਪਾਇਆ ॥੩੮॥ [੯੨੨

ਮਨੁਖਾ ਦੇਹੀ ਦੇ ਨੌਂ ਦੁਆਰੇ ਪਰਗਟ ਹਨ। ਇਨ੍ਹਾਂ ਦੁਆਰਾ ਸਰੀਰਕ ਸੁਖ ਮਿਲਦਾ ਹੈ, ਪਰ ਇਨ੍ਹਾਂ


www.AKJ.Org

ਦੁਆਰਾ ਪ੍ਰਾਪਤ ਸੁਖ ਥੋੜੇ ਸਮੇਂ ਲਈ ਹੁੰਦਾ ਹੈ, ਸਥਾਈ ਤੇ ਸਦੀਵੀ ਨਹੀਂ ਹੁੰਦਾ। ਸਰੀਰ ਵਿਚ ਇਕ ਹੋਰ–ਦਸਵਾਂ ਦੁਆਰਾ ਹੈ, ਪਰ ਉਹ ਦਿਸਦਾ ਨਹੀਂ, ਗੁਪਤ ਹੈ। ਇਸ ਦੀ ਸੋਝੀ ਤੇ ਪ੍ਰਾਪਤੀ ਗੁਰੂ ਦੁਆਰਾ ਹੀ ਹੋਣੀ ਸੰਭਵ ਹੁੰਦੀ ਹੈ। ਗੁਰੂ ਤੋਂ ਦੀਖਿਆ ਲੈ ਕੇ ਗੁਰਮੰਤ੍ਰ ਦੀ ਅਤੁਟ ਕਮਾਈ ਦੀ ਬਰਕਤ ਨਾਲ ਅਭਿਆਸੀ ਦਾ ਨਾਮ ਵਿਚ ਲੀਨ ਹੋਇਆ ਮਨ ਪਹਿਲਾਂ ਪਹਿਲ ਹਿਰਦੇ ਵਿਚ ਟਿਕਦਾ ਹੈ ਤੇ ਫਿਰ ਹਿਰਦੇ ਤੋਂ ਉਡਾਰੀ ਲਾ ਕੇ ਦਸਮ ਦੁਆਰ ਵਿਖੇ ਅੰਮ੍ਰਿਤ ਦੇ ਝਰਨੇ ਝਰਦੇ ਹਨ। ਅਭਿਆਸੀ ਦਾ ਮਨ ਅੰਮ੍ਰਿਤ ਪੀ ਪੀ ਕੇ ਖੀਵਾ ਹੋਇਆ ਰਹਿੰਦਾ ਹੈ।

**(ਸ) ਕੰਚਨ ਭਏ ਮਨੂਰਾ :–**

ਗੁਰੂ ਪਾਰਸ ਦੀ ਪਾਵਨ ਛੋਹ ਨਾਲ ਮਾਇਆ ਦੇ ਮੋਹ ਵਿਚ ਮਨੂਰ ਹੋਇਆ ਹੋਇਆ ਵਿਕਾਰੀ ਮਨ ਬਾਰ੍ਹਾਂ-ਵੰਨੀ ਦੇ ਸੋਨੇ ਵਾਂਗ ਵਡਮੁੱਲਾ ਹੋ ਜਾਂਦਾ ਹੈ। ਨਿਰਮਲ ਹੋਏ ਮਨ ਅੰਦਰ ਨਾਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ।

ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੇ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਇ ਨਿਰਮਲ ਜੋਤਿ ਅਪਾਰ ॥੨॥੯॥੩੧॥ [੪੨੭
ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥ (੮॥੨) [੫੯੫

**(ਹ) ਆਨੰਦੁ ਗੁਰੂ ਤੇ ਜਾਣਿਆ :–**

ਆਨੰਦੁ ਆਨੰਦੁ ਸਭੁ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ ॥ (੯੧੭)

ਗੁਰੂ ਦੇ ਮਿਲਾਪ ਨਾਲ ਮਨੁੱਖ ਨੂੰ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ। ਅਨੰਦ ਦਾ ਹਰ ਕੋਈ ਇੱਛਕ ਹੈ, ਪਰ ਹੋਛੇ ਰਸਾਂ ਦਾ ਅਨੰਦ ਵੀ ਹੋਛਾ ਹੁੰਦਾ ਹੈ। ਇਹ ਕਹਿਣ ਮਾਤਰ ਹੀ ਅਨੰਦ ਹੁੰਦਾ ਹੈ, ਜੋ ਫੁਲਝੜੀ ਵਾਂਗੂ ਥੋੜੀ ਦੇਰ ਝਲਕਾਰਾ ਦੇ ਕੇ ਖ਼ਤਮ ਹੋ ਜਾਂਦਾ ਹੈ। ਇਸ ਅਨੰਦ ਦਾ ਕੋਈ ਸੁਖ ਸਵਾਦ ਨਹੀਂ ਹੁੰਦਾ।

ਅਸਲੀ ਅਨੰਦ ਆਤਮਿਕ ਅਨੰਦ ਹੈ। ਇਸ ਅਨੰਦ ਦਾ ਖੇੜਾ ਓਦੋਂ ਖਿੜਦਾ ਹੈ ਜਦੋਂ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਮਨੁੱਖ ਦੇ ਅੰਦਰੋਂ ਮਾਇਆ ਦੀ ਪਕੜ ਮੁੱਕ ਜਾਂਦੀ ਹੈ ਤੇ ਮਨ ਸ਼ਬਦ-ਰਸ ਵਿਚ ਲੀਨ ਹੁੰਦਾ ਹੈ।

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥ [੯੧੭

ਮਾਇਆ ਦੇ ਮੋਹ ਦੀ ਸੜ੍ਹਾਂਦ ਮੁੱਕਣ ਨਾਲ ਮਨ ਨਿਰਮਲ ਹੋ ਜਾਂਦਾ ਹੈ, ਚੜ੍ਹਦੀਆਂ ਕਲਾਂ ਵਿੱਚ ਹੋ ਜਾਂਦਾ ਹੈ, ਮਨੁੱਖ ਦੀ ਸਮੁੱਚੀ ਸ਼ਖਸੀਅਤ ਸੁਗੰਧਤ ਤੇ ਅਨੰਦਤ ਹੋ ਜਾਂਦੀ ਹੈ, ਪਰ ਇਹ ਸਭ ਕੁਝ ਗੁਰੂ-ਮਿਲਾਪ ਦੁਆਰਾ ਹੀ ਹੁੰਦਾ ਹੈ।

**ਪ੍ਰਸ਼ਨ :–ਸਤਿਗੁਰ ਧਾਰਨ ਕਰਨ ਦੀ ਲੋੜ ਕਿਉਂ ਹੈ ?**

**ਉੱਤਰ** :–ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ, ਪਲੈ ਕਿਛੂ ਨ ਪਾਇ ॥੨॥੮॥ [੬੦੩
ਬਿਨੁ ਗੁਰ ਗੁਣ ਨ ਜਾਪਨੀ, ਬਿਨੁ ਗੁਣ ਭਗਤਿ ਨ ਹੋਇ ॥੮॥੪॥੨੧॥ [੬੭
ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥੧੭॥ [੫੧੭
ਬਿਨੁ ਸਤਿਗੁਰ ਕੋ ਨਾਉ ਨਾ ਪਾਏ, ਪ੍ਰਭਿ ਐਸੀ ਬਣਤ ਬਣਾਈ ਹੇ ॥੯॥ [੧੦੪੬
ਜਤੁ ਸਤੁ ਸੰਜਮੁ ਕਰਮ ਕਮਾਵੈ, ਬਿਨੁ ਗੁਰ ਗਤਿ ਨਹੀ ਪਾਈ ॥੩॥ (੪॥੬) [੫੭੧

**ਵਿਚਾਰ** :–ਸ੍ਰਿਸ਼ਟੀ ਦੇ ਰਚਣਹਾਰ ਮਾਲਕ ਪ੍ਰਭੂ ਦੀ ਧੁਰ ਤੋਂ ਇਹ ਮਰਯਾਦਾ ਬੱਝੀ ਹੋਈ ਹੈ ਕਿ ਗੁਰੂ ਧਾਰਨ ਕੀਤੇ ਬਗੈਰ ਮਨੁੱਖ ਨੂੰ ਨਾਮ ਪ੍ਰਾਪਤ ਨਹੀਂ ਹੋ ਸਕਦਾ ਤੇ ਨਾਮ ਦੀ ਪ੍ਰਾਪਤੀ ਬਗੈਰ ਪ੍ਰਭੂ ਦਾ ਚਿੰਤਨ


www.AKJ.Org

ਸੰਭਵ ਨਹੀਂ ।

ਧੁਰਿ ਖਸਮੈ ਕਾ ਹੁਕਮੁ ਪਾਇਆ, ਵਿਣੁ ਸਤਿਗੁਰ ਚੇਤਿਆ ਨ ਜਾਇ ॥੨॥ (੨੦) [੫੫੬
ਸਤਿਗੁਰ ਤੇ ਹਰਿ ਪਾਈਐ ਭਾਈ ॥
ਅੰਤਰਿ ਨਾਮੁ ਨਿਧਾਨੁ ਹੈ, ਪੂਰੈ ਸਤਿਗੁਰਿ ਦੀਆ ਦਿਖਾਈ ॥੧॥ਰਹਾਉ॥ [੪੨੫

ਸਤਿਗੁਰੂ ਦੀ ਸ਼ਰਨ ਲੈਣ ਤੋਂ ਬਗੈਰ ਜੀਵ ਹਉਮੈ ਵਿਚ ਵਿਚਰਦਾ ਹੈ, ਮਨ ਮਗਰ ਤੁਰਦਾ ਹੈ ਤੇ ਮਨਮੁਖ ਬਣਿਆ ਰਹਿੰਦਾ ਹੈ । ਉਹ ਕਈ ਚੰਗੇ ਕੰਮ ਵੀ ਕਰਦਾ ਹੈ, ਮੂੰਹ ਨਾਲ ਰਾਮ ਰਾਮ ਵੀ ਕਰਦਾ ਹੈ; ਪਰ ਸਭ ਕੁਝ ਹਉਮੈ ਦੇ ਅਧੀਨ । ਉਸ ਦੇ ਸਾਰੇ ਚੰਗੇ ਕੰਮ ਐਵੇਂ ਅਜਾਈਂ ਜਾਂਦੇ ਹਨ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਹਾਥੀ ਇਸ਼ਨਾਨ ਕਰਨ ਦੇ ਤੁਰੰਤ ਮਗਰੋਂ ਖੇਹ ਉਡਾ ਕੇ ਆਪਣੇ ਤੇ ਪਾ ਲੈਂਦਾ ਹੈ । ਚੰਗੇ ਕੰਮਾਂ ਦੀ ਖੀਰ ਬਣਾ ਕੇ ਮਨਮੁਖ ਹਉਮੈ-ਸਵਾਹ ਉਪਰ ਬਰੂਲ ਲੈਂਦਾ ਹੈ ।

ਹਉਮੈ ਦੇ ਅਧੀਨ ਚੰਗਿਆਈ ਖੱਟਣ ਦੀ ਭਾਵਨਾ ਅਧੀਨ, ਉਪਰੋਂ ਦਿਖਾਵੇ ਦੇ ਰਾਮ ਰਾਮ ਕਹਿਣ ਨਾਲ ਹਿਰਦੇ ਵਿਚ ਪ੍ਰਕਾਸ਼ ਨਹੀਂ ਹੋ ਸਕਦਾ । ਨਿਗੁਰੇ ਲੋਕ ਦਿਖਾਵੇ ਲਈ ਕਈ ਪਾਪੜ ਵੇਲਦੇ ਹਨ, ਲੋਕਾਂ ਦੀ ਵਾਹ ਵਾਹ ਖੱਟਣ ਲਈ ਕਈ ਭੇਖ ਬਣਾਂਦੇ ਹਨ, ਧਾਰਮਿਕ ਕਰਮ ਕਾਂਡ ਵੀ ਕਰਦੇ ਹਨ, ਪਰ ਅੰਦਰ ਅਗਿਆਨਤਾ ਦਾ ਅੰਨ੍ਹੇਰਾ ਵਾਪਰਿਆ ਰਹਿੰਦਾ ਹੈ । ਅੰਦਰ ਚਾਨਣਾ ਤਾਂ ਹੀ ਹੋ ਸਕਦਾ ਹੈ ਜੇ ਅੰਦਰ ਰਾਮ ਵਸ ਜਾਏ ਤੇ ਰਾਮ ਹਿਰਦੇ ਵਿਚ ਤਾਂ ਵਸ ਸਕਦਾ ਹੈ ਜੇ ਗੁਰੂ ਮਿਹਰ ਕਰੇ :—

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥੪॥੬॥ [੪੯੧

---

# ਪੀਓ ਪਾਹੁਲ ਖੰਡੇ ਧਾਰ

(ਵਲੋਂ—ਮਾਸਟਰ ਮਾਘ ਸਿੰਘ ਜੀ ਬੈਂਕੋਕ ਵਾਲੇ, ਸਮਾਧ ਭਾਈ, ਮੋਗਾ)

ਆਇਆ ਦਿਨ ਵਿਸਾਖ ਦਾ, ਕੇਸ ਗੜ੍ਹ ਸੁਹੇਲਾ ।
ਦਲ ਭੰਜਨ ਦਸਮੇਸ਼ ਨੇ, ਇਕ ਲਾਇਆ ਮੇਲਾ ।
ਮੋਤੀ ਪਰਖੇ ਮੌਤ ਤੋਂ, ਕਿਆ ਕੌਤਕ ਖੇਲਾ ।
ਕਸਵਟੀ ਤੇਗੇ ਧਾਰ ਤੇ. ਨੱਚੇ ਪੰਜ ਛੈਲਾ ।
ਸਿਰ ਦੇ ਸਿਖੀ ਪੁਗ ਗਏ, ਮਰ ਜਿਉੜੇ ਮੇਲਾ ।
ਰਚਿਆ ਪੰਥ ਅਗੰਮੜਾ, ਨਾਉਂ ਸਿੰਘ ਬਘੇਲਾ ।
ਬਾਟਾ ਲੋਹਿਸਾਰ ਦਾ, ਜਲ ਨਿਰਮਲ ਮੇਲਾ ।
ਸ਼ਕਤੀ ਖੰਡਾ ਰਖਕੇ, ਦੋ-ਧਾਰਾ ਠੇਲ੍ਹਾ ।
ਪਾਠ ਪੜ੍ਹਿਆ ਪੰਜ ਬਾਣੀਆਂ, ਹਰਿ ਨਾਮ ਸੁਹੇਲਾ ।
ਮਿੱਠਾ ਰਸ ਪਿਆਰ ਪਾ, ਸਭ ਸ਼ਾਂਤ ਸਕੇਲਾ ।
ਇਉਂ ਸਾਗਰ ਮਥਿਆ ਸਤਿਗੁਰੂ, ਗੁਣ ਤੱਤ ਕਢੇਲਾ ।
ਅੰਮ੍ਰਿਤ ਹਰਿ ਕਾ ਨਾਮ ਓਹ, ਸ਼ਕਤੀ ਦੀ ਵੇਲਾ ।
ਓਹ ਅੰਮ੍ਰਿਤ ਓਥੇ ਵੰਡਿਆ, ਲਾਹ ਵਰਨ ਝਮੇਲਾ ।

ਮੁਰਦਾ ਭਾਰਤ ਕੌਮ ਸੀ, ਜਿਉਂ ਮਿੱਟੀ ਢੇਲਾ ।
ਸੱਲੀ ਛੇਕੋ ਛੇਕ ਸੀ, ਖਾਂ ਜ਼ਾਲਮ ਸੇਲਾ ।
ਮਿਲ ਗਭੀ ਰੂਹ ਕਲਬੂਤ ਨੂੰ, ਜੋ ਕੰਮ ਦੁਹੇਲਾ ।
ਬਣ ਗਏ ਸ਼ਾਹ ਓਹ ਜਗਤ ਦੇ, ਜਿਨ੍ਹਾਂ ਮੂਲ ਨ ਧੇਲਾ ।
ਹੋ ਸੰਤ-ਸਿਪਾਹੀ ਖਾਲਸਾ, ਭਬਕਿਆ ਅਣਖੇਲਾ ।
ਰਣ ਲੱਥੇ ਸਿੰਘ ਅਕਾਲੀਏ, ਗੂੰਜੇ. ਜੂਹ ਬੇਲਾ ।
ਚਿੜੀਆਂ ਬਾਜ ਮਰੁੰਡ ਲਏ, ਪਾ ਨਿਹੁੰ ਨਵੇਲਾ ।
ਸਵਾ ਲਖ ਨਾਲ ਇੱਕ ਇੱਕ, ਰਣ ਤੱਤੇ ਖੇਲਾ ।
ਵੇਖੇ ਬੰਦ ਕਟਾਂਵਦੇ, ਵਿਚ ਵੇਲਣ ਪੇਲ਼ਾ ।
ਤੋੜਿਆ ਬੁਰਜ ਹੰਕਾਰ ਦਾ, ਸਭ ਮੁਗਲਾਂ ਮੇਲਾ ।
ਇਉਂ ਪਲਟੀ ਕਿਸਮਤ ਕੌਮ ਦੀ, ਦੁਖ ਮੌਤੀਂ ਝੇਲਾ ।
ਸੱਚੀ ਗੱਲ ਪਿਆਰ ਦੀ, ਹੈ ਸੱਚ ਦੀ ਵੇਲਾ ।
ਮਰਨਾ ਜਿਹੜੇ ਜਾਣਦੇ, ਉਹ ਜਿਉਨ ਸੁਹੇਲਾ ।

www.AKJ.Org

# ਸਿੱਖ ਕੌਮ ਦੀ ਨਿਘਰਦੀ ਦਸ਼ਾ ਤੇ ਵਿਚਾਰ

[ਵਲੋਂ—ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ)]

ਕਿਸੇ ਵੀ ਧਾਰਮਕ ਜਾਂ ਸਮਾਜਕ ਦਸ਼ਾ ਦਾ ਪਤਾ ਉਸ ਦੀ ਪੁੰਗਰਦੀ ਪਨੀਰੀ ਯੁਵਕ ਸ਼ਰੇਣੀ ਤੋਂ ਪਤਾ ਲਗਦਾ ਹੈ। ਸਾਡੀ ਸਿਖ ਕੌਮ ਆਰਥਕ ਦਸ਼ਾ ਵਿਚ ਭਾਵੇਂ ਪਲਾਂਘਾਂ ਪੁਟਦੀ ਅਗੇ ਵਧਦੀ ਹੋਈ ਦਿਖਾਈ ਦੇ ਰਹੀ ਹੈ, ਪਰ ਧਾਰਮਕ ਭਾਵਨਾਵਾਂ ਦਿਨੋ ਦਿਨ ਸਮਾਪਤ ਹੁੰਦੀਆਂ ਜਾ ਰਹੀਆਂ ਹਨ। ਗਿ: ਸੰਤ ਸਿੰਘ ਜੀ ਮਸਕੀਨ ਦੇ ਕਹੇ ਹੋਏ ਵਾਕ ਸਚਾਈ ਤੇ ਨਿਰਭਰ ਕਰਦੇ ਹਨ ਕਿ ਸਿਖ ਦਿਨੋ ਦਿਨ ਅਮੀਰ ਹੁੰਦੇ ਜਾ ਰਹੇ ਹਨ ਤੇ ਸਿੱਖੀ ਗ਼ਰੀਬ ਹੋ ਰਹੀ ਹੈ। ਕੋਈ ਸ਼ਾਇਦ ਹੀ ਐਸਾ ਸੁਭਾਗ ਦਿਨ ਹੋਵੇ ਜਿਸ ਦਿਨ ਸਿੱਖੀ ਚਮਨ ਦੇ ਕਿਸੇ ਫੁੱਲ ਨੂੰ ਮਨਮੁਖਤਾ ਦੀ ਪਤਝੜ ਵਾਯੂ ਨੇ ਟਹਿਣੀ ਤੋਂ ਲੁਕਾ ਨਾ ਲੀਤਾ ਹੋਵੇ। ਦੰਭੀ ਗੁਰੂਆਂ ਅਤੇ ਹੋਰ ਅਨਮਤੀ ਪਰਚਾਰ ਹੜ੍ਹ ਦੇ ਅਗੇ ਅਜ ਦੇ ਨੌਜਵਾਨ ਠਹਿਰ ਨਹੀਂ ਸਕਦੇ ਤੇ ਇਕ ਦੂਜੇ ਦੀ ਰੀਸੋ ਰੀਸੀ ਰੁੜ੍ਹਦੇ ਜਾ ਰਹੇ ਹਨ। ਭਾਰੀ ਲੋੜ ਹੈ ਇਸ ਸੈਲਾਬ ਦੇ ਅਗੇ ਭਾਰੀ ਬੰਨ੍ਹ ਲਾਣ ਦੀ।

ਸਾਡੇ ਨੌਜਵਾਨਾਂ ਵਿਚ ਨਾਸਤਕਤਾ ਦੀ ਬੀਮਾਰੀ ਕਿਉਂ ਵਧ ਰਹੀ ਹੈ ? ਮੇਰੇ ਵਿਚਾਰ ਅਨੁਸਾਰ ਇਸ ਦੇ ਹੇਠ ਲਿਖੇ ਕਾਰਨ ਹਨ :—

(ੳ) ਮਾਪਿਆਂ, ਵਿਸ਼ੇਸ਼ ਕਰਕੇ ਮਾਤਾਵਾਂ, ਵਲੋਂ ਬੱਚਿਆਂ ਦੇ ਧਾਰਮਕ ਜੀਵਨ ਬਣਾਣ ਦੇ ਪੱਖ ਤੋਂ ਅਣਗਹਿਲੀ। (ਅ) ਸਮੁੱਚੀ ਕੌਮ ਵਲੋਂ ਨਿਗਰ ਗੁਰਮਤਿ ਪਰਚਾਰ ਦੀ ਘਾਟ।

ਆਉ ਇਨ੍ਹਾਂ ਕਾਰਨਾਂ ਤੇ ਨਜ਼ਰ ਮਾਰੀਏ—

(ੳ) ਬੱਚੇ ਦੇ ਜੀਵਨ ਵਿਚ ੬ ਸਾਲ ਤੋਂ ੧੪-੧੫ ਸਾਲ ਦੀ ਆਯੂ ਤਕ ਜੋ ਜੋ ਸੰਸਕਾਰ ਬਣਦੇ ਹਨ; ਉਹ ਕਾਫ਼ੀ ਹਦ ਤਕ ਪੱਕੇ ਤੇ ਚਿਰ-ਕਾਲੀ ਹੋਣ ਦੀਆਂ ਨਿਸ਼ਾਨੀਆਂ ਹੁੰਦੇ ਹਨ ਤੇ ਅੱਗੇ ਜਾ ਕੇ ਸੁਸਾਇਟੀ ਅਨੁਸਾਰ ਵਧਦੇ ਤੇ ਮੌਲਦੇ ਹਨ, ਇਸ ਲਈ ਇਹ ਆਯੂ ਬੱਚਿਆਂ ਲਈ ਮਾਪਿਆਂ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਗੁਰਸਿਖੀ ਦੇ ਵਾਤਾਵਰਨ ਵਿਚ ਪਲੀਆਂ ਜਿਨ੍ਹਾਂ ਮਾਤਾਵਾਂ ਦੇ ਮਨ ਗੁਰਮਤਿ ਰੰਗਣ ਵਿਚ ਰੰਗੇ ਹੁੰਦੇ ਹਨ, ਉਹ ਬੱਚਿਆਂ ਨੂੰ ਸ਼ੁਰੂ ਤੋਂ ਹੀ ਗੁਰਮਤਿ-ਰਾਹ ਤੇ ਤੋਰਨ ਵਿਚ ਕਿਸੇ ਹੱਦ ਤਕ ਸਫਲ ਰਹਿੰਦੀਆਂ ਹਨ। ਚੌਦ੍ਹਾਂ ਪੰਦਰ੍ਹਾਂ ਸਾਲ ਤਕ ਦਾ ਬੱਚਾ ਹੀ ਮਾਪਿਆਂ ਦਾ ਰੋਅਬ ਦਬਦਬਾ ਸਹਿਨ ਕਰ ਸਕਦਾ ਹੈ, ਪਿੱਛੋਂ ਨਹੀਂ। ਅਤੇ ਇਸੇ ਆਯੂ ਵਿਚ ਬੱਚੇ ਦੇ ਮਨ ਤੇ ਉਕਰੇ ਸੰਸਕਾਰ ਉਸਦੇ ਭਵਿੱਖ ਦੀ ਤਸਵੀਰ ਚਿਤ੍ਰਨ ਵਿਚ ਸਫਲ ਹੁੰਦੇ ਹਨ। ਏਸੇ ਆਯੂ ਵਿਚ ਹੀ ਬੱਚੇ ਦੇ ਨਿਰਮਲ ਦਿਲ-ਸ਼ੀਸ਼ੇ ਤੇ ਜਿਹੋ ਜਿਹਾ ਅਕਸ ਪੈਂਦਾ ਹੈ, ਉਸਦੇ ਅਨੁਸਾਰ ਹੀ ਉਸਦਾ ਸੁਭਾਵ ਬਣਦਾ ਹੈ। ਭਾਈ ਗੁਰਦਾਸ ਜੀ ਦਾ ਵਚਨ ਹੈ—

ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ। ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ ।੧। (੩੪)

ਸੋ ਇਸੇ ਪਾਸੇ ਮਾਤਾਵਾਂ ਨੂੰ ਉਚੇਚਾ ਧਿਆਨ ਦੇਣ ਦੀ ਲੋੜ ਹੈ।

(ਅ) ਭਾਵੇਂ ਕੌਮ ਵਲੋਂ ਗੁਰਮਤਿ ਪਰਚਾਰ ਬਹੁਤ ਹੋ ਰਿਹਾ ਹੈ, ਅਨੇਕਾਂ ਹੀ ਪ੍ਰਾਇਮਰੀ, ਮਿਡਲ, ਹਾਈ ਸਕੂਲ ਤੇ ਕਾਲਜ ਹਨ। ਵਖ ਵਖ ਸੰਸਥਾਵਾਂ ਵਲੋਂ ਮਾਸਕ ਪਤ੍ਰਾਂ, ਸਪਤਾਹਕ ਅਖਬਾਰਾਂ, ਪ੍ਰੈਸ ਪਲੈਟ ਫਾਰਮ, ਪਰਚਾਰਕਾਂ, ਲੈਕਚਰਾਰਾਂ ਰਾਹੀਂ ਪਰਚਾਰ ਕੀਤਾ ਕਰਵਾਇਆ ਜਾ ਰਿਹਾ ਹੈ, ਪਰ ਉਸ ਦਾ ਅਸਰ ਜਿਤਨਾ ਹੋਣਾ ਚਾਹੀਦਾ ਹੈ ਨਹੀਂ ਹੋ ਰਿਹਾ। ਉਲਟਾ ਕੌਮ ਰਸਾਤਲ ਨੂੰ ਜਾ ਰਹੀ ਹੈ। ਇਸ ਦਾ ਕਾਰਨ ਹੈ ਅਮਲੀ ਜੀਵਨ ਦੀ ਘਾਟ। ਜਦ ਤਕ ਅਮਲੀ ਜੀਵਨ ਵਾਲੇ ਪਰਚਾਰਕ ਲੋਭ-ਲਾਲਚ ਛਡ ਕੇ, ਗੁਰਸਿਖੀ ਪਰਚਾਰ ਨੂੰ ਗੁਰੂ ਕੀ ਸੇਵਾ ਸਮਝ ਕੇ ਅਗੇ ਨਹੀਂ ਆਉਂਦੇ, ਉਨਾ ਚਿਰ ਨਿਘਰ ਪਰਚਾਰ ਨਹੀਂ ਹੋ ਸਕਦਾ, ਕਿਸੇ ਦਾ ਜੀਵਨ ਬਦਲਿਆ ਨਹੀਂ ਜਾ ਸਕਦਾ। ਤਿਆਗ ਤੇ ਕੁਰਬਾਨੀ ਤੋਂ ਬਗੈਰ ਪਰਚਾਰ ਨਹੀਂ ਹੋ ਸਕਦਾ, ਸੰਜਮ ਤੇ ਸਾਦਗੀ ਦਾ ਮੁਜੱਸਮਾ ਹੋਏ ਬਗੈਰ ਪਰਚਾਰ ਦਾ ਅਸਰ ਕਿਵੇਂ ਹੋਵੇ ? ਉਰਦੂ ਦੇ ਸ਼ਾਇਰ ਨੇ ਕਿਹਾ ਚੰਗਾ ਆਖਿਆ ਹੈ — ਖ਼ੁਦਾ ਨੇ ਆਜ ਤਕ ਉਸ ਕੌਮ ਕੀ ਹਾਲਤ ਨਹੀਂ ਬਦਲੀ,

ਨ ਹੋ ਜਿਸ ਕੋ ਖ਼ਿਆਲ, ਆਪ ਅਪਨੀ ਹਾਲਤ ਬਦਲਨੇ ਕਾ।



www.AKJ.Org

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕਾਰਕੁਨ ਗ਼ਲਤ ਰਾਹਾਂ ਉਤੇ

ਜੁਲਾਈ ੧੯੮੦ ਦੀ 'ਸਿੰਘ ਸਭਾ ਪਤ੍ਰਕਾ' ਵਿਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ 'ਸਿਖ ਰਹਿਤ ਮਰਯਾਦਾ' ਸਿਰਲੇਖ ਹੇਠ ਡਾ: ਜੀਤ ਸਿੰਘ ਸੀਤਲ ਕੋਲੋਂ ਸਪੈਸ਼ਲ ਤੌਰ ਤੇ ਲੇਖ ਲਿਖਵਾ ਕੇ ਛਾਪਿਆ ਗਿਆ ਹੈ, ਜਿਸ ਵਿਚ ਸਿੰਘ ਸਭਾ ਦੇ ਮੋਢੀ, ਗੁਰਮਤਿ ਰਹਿਤ ਦੇ ਆਸ਼ਕ ਅਤੇ ਬਿਖਮ ਹਾਲਾਤ ਵਿਚ ਖਾਲਸਾ ਰਹਿਤ ਵਿਚ ਪ੍ਰਪੱਕ ਰਹਿ ਕੇ ਪੰਥ-ਪ੍ਰਵਾਣ-ਚੜ੍ਹੇ ਨਿਸ਼ਕਾਮ ਪੰਥ-ਸੇਵਕ ਭਾਈ ਸਾ: ਭਾ: ਰਣਧੀਰ ਸਿੰਘ ਜੀ ਅਤੇ ਪੰਥ ਦੀ ਨਿਸ਼ਕਾਮ ਸੰਸਥਾ 'ਅਖੰਡ ਕੀਰਤਨੀ ਜਥੇ' ਦੇ ਸੰਬੰਧ ਵਿਚ ਕੋਝੀ ਸ਼ਬਦਾਵਲੀ ਵਰਤੀ ਗਈ ਹੈ ਅਤੇ ਗੁਰਮਤਿ ਵਿਰੋਧੀ ਵਿਚਾਰ ਅੰਕਤ ਕੀਤੇ ਗਏ ਹਨ। ਇਨ੍ਹਾਂ ਸੰਬੰਧੀ ਗੁਰਬਾਣੀ ਦੇ ਅਧਾਰ ਤੇ ਮੁਨਾਸਿਬ ਉਤਰ, ਜੁਲਾਈ ਦਾ 'ਸੂਰਾ' ਪੱਤਰ ਸਮਾਪਤ ਹੋ ਜਾਣ ਕਾਰਨ, ਉਸ ਵਿਚ ਛਪ ਨਹੀਂ ਸਕਿਆ। ਹੁਣ ਇਹ ਅਗਲੇ ਮਹੀਨੇ ਦੇ ਪਰਚੇ ਵਿਚ ਛਾਪਿਆ ਜਾਵੇਗਾ।

ਅਗਲੇ ਪੰਨਿਆਂ ਵਿਚ ਬੀਬੀ ਹਰਸ਼ਰਨ ਕੌਰ ਜੀ ਦਾ ਸੰਸਥਾ ਨੂੰ ਭੇਜਿਆ ਤਿਆਗ ਪੱਤਰ ਅਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੀ, ਸੰਸਥਾ ਦੇ ਸਕੱਤਰ ਗਿ: ਗੁਰਦਿਤ ਸਿੰਘ ਜੀ ਦੇ ਨਾਂ ਭੇਜੀ ਗਈ ਪਤਰਕਾ ਦਿਤੀ ਜਾ ਰਹੀ ਹੈ। ਸੰਪਾਦਕ

---

# ਬਾਣੀ ਦੀ ਰਾਹੀਂ ਸ੍ਵੈ-ਪ੍ਰੇਰਨਾ

[ਪ੍ਰੋਫੈਸਰ ਸਾਹਿਬ ਸਿੰਘ ਜੀ]

ਫਰਾਂਸ ਦੇਸ ਦੇ ਪੂਰਬ-ਉਤਰੀ ਇਲਾਕੇ ਵਿਚ ਇਕ ਸ਼ਹਿਰ 'ਨੈਨਸੀ' ਨਾਮ ਦਾ ਹੈ। ਸੰਨ ੧੯੨੧ ਦਾ ਜ਼ਿਕਰ ਹੈ, ਉਹਨੀਂ ਦਿਨੀਂ ਉਥੇ ਇਕ ਡਾਕਟਰ 'ਕੂਈ' ਇਕ ਅਜੀਬ ਤਰੀਕੇ ਨਾਲ ਰੋਗੀਆਂ ਦਾ ਇਲਾਜ ਕਰਦਾ ਸੀ। ਕਿਸੇ ਭੀ ਰੋਗੀ ਨੂੰ ਉਹ ਖਾਣ ਵਾਸਤੇ ਦਵਾਈ ਨਹੀਂ ਦੇਂਦਾ ਸੀ। ਰੋਗ ਦੀ ਸਾਰੀ ਵਿਥਿਆ ਬੜੀ ਹੀ ਹਮਦਰਦੀ ਨਾਲ ਸੁਣ ਕੇ ਉਸ ਦੀ ਲੋੜ ਅਨੁਸਾਰ ਉਸ ਨੂੰ ਅਰੋਗਤਾ ਦਾ ਇਕ 'ਵਾਕ' ਲਿਖਾ ਦੇਂਦਾ ਸੀ, ਤੇ ਹਿਦਾਇਤ ਕਰਦਾ ਸੀ ਕਿ ਰਾਤ ਨੂੰ ਸੌਣ ਵੇਲੇ ਅਤੇ ਸਵੇਰੇ ਜਾਗਦਿਆਂ ਹੀ ਮੰਜੇ ਤੇ ਪਿਆਂ ਹੀ ਇਕ ਇਹ ਵਾਕ ਵੀਹ ਵਾਰੀ ਬੜੀ ਛੇਤੀ ਛੇਤੀ ਪੜ੍ਹੀ ਜਾਣਾ ਹੈ। ਛੇਤੀ ਛੇਤੀ ਇਸ ਵਾਸਤੇ ਕਿ ਮਨ ਨੂੰ ਸੋਚਣ ਦਾ ਮੌਕਾ ਹੀ ਨਾ ਮਿਲੇ। ਵਾਕ ਕੁਝ ਇਸ ਕਿਸਮ ਦਾ ਹੁੰਦਾ ਸੀ "ਇਸ ਰੋਗ ਤੋਂ ਮੈਂ ਰਾਜ਼ੀ ਹੋ ਰਿਹਾ ਹਾਂ।" ਮੰਜੇ ਤੇ ਲੇਟ ਕੇ ਸੌਣ ਵੇਲੇ ਇਹ ਤੇਜ਼ ਤੇਜ਼ ਪੜ੍ਹਨਾ ਸੀ ਪੜ੍ਹਦਿਆਂ ਪੜ੍ਹਦਿਆਂ ਹੀ ਸੌਂ ਜਾਣਾ ਸੀ, ਤਾਂ ਕਿ ਅਚੇਤ ਮਨ ਨੂੰ ਅਰੋਗਤਾ ਦੀ ਪ੍ਰੇਰਨਾ ਹੋ ਜਾਏ। ਮਨ ਨੂੰ ਸੋਚਣ ਦਾ ਮੌਕਾ ਨਹੀਂ ਸੀ ਦੇਣਾ ਕਿ ਕਿਤੇ ਉਹ ਸ਼ੱਕ ਹੀ ਨ ਕਰ ਦੇਵੇ ਕਿ ਮੈਂ ਤਾਂ ਅਜੇ ਰਾਜ਼ੀ ਨਹੀਂ ਹੋ ਰਿਹਾ। ਇਸ ਤਰੀਕੇ ਦਾ ਨਾਮ ਹੈ ਸ੍ਵੈ-ਪ੍ਰੇਰਨਾ, ਆਪਣੇ ਅਚੇਤ ਮਨ ਨੂੰ ਅਰੋਗਤਾ ਦੀ ਪ੍ਰੇਰਨਾ ਕਰਨੀ।

ਇਸ ਤਰੀਕੇ ਨਾਲ ਉਹ ਡਾਕਟਰ ਆਪਣੇ ਕੋਲ ਆਏ ਸੈਂਕੜੇ ਹਜ਼ਾਰਾਂ ਰੋਗੀਆਂ ਦੇ ਰੋਗ ਦੂਰ ਕਰਦਾ ਰਿਹਾ। ਕਈ ਲੋਕ ਇਤਰਾਜ਼ ਕਰਿਆ ਕਰਦੇ ਹਨ ਕਿ 'ਬਾਣੀ' ਨੂੰ ਬਿਨਾਂ ਵਿਚਾਰੇ ਛੇਤੀ ਛੇਤੀ ਪੜ੍ਹਨ ਦਾ ਕੀ ਲਾਭ ਹੋ ਸਕਦਾ ਹੈ। ਪਰ ਇਸ ਤਰ੍ਹਾਂ ਪੜ੍ਹੀ ਹੋਈ 'ਬਾਣੀ' ਭੀ ਸ੍ਵੈ-ਪ੍ਰੇਰਨਾ ਦਾ ਕੰਮ ਕਰਦੀ ਹੈ, ਤੇ ਸਹਿਜੇ ਸਹਿਜੇ ਮਨੁੱਖ ਦੇ ਜੀਵਨ ਨੂੰ ਢਾਲਦੀ ਰਹਿੰਦੀ ਹੈ।

ਗੁਰੂ ਹਰਿ ਰਾਇ ਸਾਹਿਬ ਦੇ ਵੇਲੇ ਕਿਸੇ ਇਕ ਸਿੱਖ ਨੇ ਸਤਿਗੁਰੂ ਜੀ ਪਾਸੋਂ ਇਹ ਪ੍ਰਸ਼ਨ ਪੁਛਿਆ ਸੀ। ਸਤਿਗੁਰੂ ਜੀ ਨੇ ਉਤਰ ਦਿਤਾ ਸੀ, ਸਿਆਲ ਦੀ ਰੁੱਤੇ ਕਿਸੇ ਕੋਰੇ ਭਾਂਡੇ ਵਿਚ ਮੱਖਣ ਰਖ ਦੇਈਏ, ਤਾਂ ਉਹ ਮੱਖਣ ਵਿਚ ਜੀਊਰਦਾ ਨਹੀਂ। ਜਦੋਂ ਉਸ ਭਾਂਡੇ ਨੂੰ ਸੇਕ ਲਗੇ, ਮੱਖਣ ਪੰਘਰਨ ਲਗ ਪਏ, ਤਾਂ ਭਾਂਡੇ ਵਿਚ ਜੀਊਰਦਾ ਜਾਏਗਾ। 'ਬਾਣੀ' ਮੱਖਣ ਹੈ, ਇਸ ਨੂੰ ਹਿਰਦੇ ਚੇ ਕੋਰੇ ਭਾਂਡੇ ਵਿਚ ਇਕੱਠਾ ਕਰੀ ਚਲੋ। ਜਦੋਂ ਇਸ ਨੂੰ 'ਵਿਚਾਰ' ਦਾ ਸੇਕ ਲਗੇਗਾ, ਤਾਂ ਇਹ ਆਪੇ ਹਿਰਦੇ ਵਿਚ ਰਚਣਾ ਸ਼ੁਰੂ ਹੋ ਜਾਏਗਾ।

[ਅਣਛਪੀ ਪੁਸਤਕ "ਬਬਾਣੀਆਂ ਕਹਾਣੀਆਂ" ਚੋਂ]



www.AKJ.Org

# ਬੀਬੀ ਹਰਸ਼ਰਨ ਕੌਰ ਜੀ ਦਾ ਤਿਆਗ-ਪੱਤਰ

ਸੇਵਾ ਵਿਖੇ,

ਪ੍ਰਧਾਨ ਸਾਹਿਬ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਜਲੰਧਰ

ਗੁਰਦੁਆਰਾ ਰਕਾਬਗੰਜ, ਨਵੀਂ ਦਿਲੀ ੨੩-੭-੮੦

ਪਰਮ ਸਤਿਕਾਰ ਯੋਗ ਸਰਦਾਰ ਸਾਂਹਿਬ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਮੈਂ ਐਤਕੀ ਜੁਲਾਈ ਦੇ ਸਿੰਘ ਸਭਾ ਪਤ੍ਰਿਕਾ ਦੇ ਪਰਚੇ ਵਿਚ ਡਾਕਟਰ ਜੀਤ ਸਿੰਘ ਸੀਤਲ ਵਲੋਂ 'ਸਿਖ ਰਹਿਤ ਮਰਯਾਦਾ' ਸਿਰਲੇਖ ਹੇਠ ਲਿਖਿਆ ਲੇਖ ਪੜ੍ਹਿਆ ਹੈ, ਜੋ ਸਿੰਘ ਸਭਾ ਨੇ ਖਾਸ ਕਨਵੈਨਸ਼ਨ ਵਿੱਚ ਪੜ੍ਹਨ ਲਈ ਲਿਖਵਾਇਆ ਸੀ। ਇਸ ਲੇਖ ਦੇ ਅੰਦਰ ਜੋ ਕੁਝ ਭੀ ਹੈ ਉਸ ਨੂੰ ਪੜ੍ਹ ਕੇ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਸਿੰਘ ਸਭਾ ਦੀ ਜੋ ਪਹਿਲੀ ਪਾਲਿਸੀ ਸੀ ਕਿ ਅਸੀਂ ਕੋਈ ਪੰਥ-ਪਾੜੂ ਗੱਲ ਨਹੀਂ ਕਰਨੀ ਸਗੋਂ 'ਸਿਖੀ ਪ੍ਰਚਾਰ' ਪ੍ਰੇਮ-ਸੁਧਾਰ ਦੇ ਅਸੂਲਾਂ ਤੇ ਕਰਨਾ ਹੈ। ਲਗਦਾ ਹੈ ਕਿ ਹੁਣ ਸਿੰਘ ਸਭਾ ਹੋਰ ਨਵੀਂ ਲਾਈਨ ਤੇ ਤੁਰ ਪਈ ਹੈ। ਇਸ ਲੇਖ ਅੰਦਰ ਜੋ ਕੋੜੀ ਸ਼ਬਦਾਵਲੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੈਸੀ ਵਿਅਕਤੀ ਲਈ ਵਰਤੀ ਗਈ ਹੈ,ਉਸ ਨਾਲ ਸਿੰਘ ਸਭਾ ਦੀ ਆਪਣੀ ਸ਼ਾਨ ਮੈਲੀ ਹੋਈ ਹੈ। ਕੌਣ ਨਹੀਂ ਜਾਣਦਾ ਕਿ ਭਾਈ ਸਾਹਿਬ ਦਾ ਜੀਵਨ ਕੀ ਸੀ ? ਉਸ ਸੂਰੇ ਗੁਰਸਿੱਖ ਨੇ ਨਿਰੋਲ ਗੁਰੂ ਕੀ ਸਿਖੀ ਪ੍ਰਚਾਰਨ ਤੇ ਕਮਾਉਣ ਲਈ ਆਪਣਾ ਆਪ ਨਿਛਾਵਰ ਕਰ ਦਿੱਤਾ। ਗੁਰੂ ਅਤੇ ਸਿੱਖ ਦਾ ਸਿੱਧਾ ਰਿਸ਼ਤਾ ਹੈ, ਵਿਚੋਲਾ ਕੋਈ ਤੀਜਾ ਸਾਧ ਨਹੀਂ, ਇਸ ਦਾ ਪ੍ਰਚਾਰ ਅੱਜ ਅਖੰਡ ਕੀਰਤਨੀ ਜਥੇ ਨਾਲੋਂ ਵੱਧ ਹੋਰ ਕੌਣ ਕਰ ਰਿਹਾ ਹੈ ? ਪਰ ਇਸ ਜਥੇ ਨੂੰ ਭੀ ਲੇਖਕ ਵਲੋਂ ਰਣਧੀਰ ਸਿੰਘੀਏ ਕਰ ਕੇ ਕਿਹਾ ਜਾਵੇ, ਨਾਮਧਾਰੀਏ ਅਤੇ ਰਾਧਾ-ਸੁਆਮੀਆਂ ਵਰਗੇ ਦਰਜੇ ਤੇ ਲਿਆ ਕੇ ਖੜਾ ਕੀਤਾ ਜਾਵੇ, ਇਹ ਸਭ ਆਪ ਜੀ ਵਲੋਂ ਪ੍ਰਵਾਨ ਹੋ ਕੇ ਛਪ ਸਕਦਾ ਹੈ, ਮੈਂ ਉਮੀਦ ਨਹੀਂ ਸੀ ਕਰ ਸਕਦੀ।

ਮੈਂ ਅਖੰਡ ਕੀਰਤਨੀ ਜਥੇ ਦੀ ਨਿਕੰਮੀ ਜਿਹੀ ਮੈਂਬਰ ਹਾਂ, ਸੰਗਤ ਦੀ ਸੇਵਕਾ ਹਾਂ, ਮੈਨੂੰ ਇਸ ਤੇ ਫ਼ਖ਼ਰ ਹੈ। ਸ਼ਾਇਦ ਆਪ ਜ਼ਿਮੇਵਾਰ ਲੋਕਾਂ ਨੂੰ ਯਾਦ ਹੋਵੇ ਕਿ ਜਦੋਂ ਕੇਂਦਰੀ ਸਿੰਘ ਸਭਾ ਦੇ ਅਜੇ ਪੈਰ ਨਿਆਣੇ ਸੀ, ਆਪ ਜੀ ਹਰ ਰੋਜ਼ ਇਸ ਨੂੰ ਬੰਦ ਕਰ ਦੇਣ ਦੀਆਂ ਹੀ ਗੱਲਾਂ ਕਰਦੇ ਸੀ, ਉਸ ਅੜੇ ਵਕਤ ਇਸੇ ਜਥੇ ਦੇ ਸੇਵਕਾਂ ਨੇ ਦਿਨ-ਰਾਤ ਸਫਰ ਕਰ ਕਰ ਕੇ ਥਾਂ ਥਾਂ ਕੀਰਤਨ ਦੀਵਾਨ ਸਜਾ ਕੇ ਸਿੰਘ ਸਭਾ ਦੀ ਸੇਵਾ ਕੀਤੀ। ਅਜ ਸਿੰਘ ਸਭਾ ਪੈਰਾਂ ਤੇ ਖੜੋਣ ਜੋਗੀ ਹੋ ਗਈ ਹੈ, ਔਖੇ ਵਕਤਾਂ ਵਾਲੇ ਨਿਸ਼ਕਾਮ ਸੇਵਕ ਤਾਂ ਰਣਧੀਰ ਸਿੰਘੀਏ ਤੇ ਨਾਮਧਾਰੀਏ ਹੋ ਗਏ ਅਤੇ ਇਕ ਇਕ ਲੇਖ ਪੜ੍ਹਨ ਲਈ ਤਿੰਨ ਤਿੰਨ ਸੌ ਧਰਾ ਲੈਣ ਵਾਲੇ ਅਸਲੀ ਗੁਰਸਿਖ ਅਤੇ ਸਿੰਘ ਸਭੀਏ ਹੋ ਗਏ। ਵਾਹ-ਵਾਹ, ਇਹ ਸਿਰੋਪਾਉ ਮਿਲਿਆ ਹੈ ਸੇਵਾ ਵਜੋਂ। ਹੁਣ ਸਿੰਘ ਸਭਾ ਨੂੰ ਉਚਾ ਚੁੱਕਣ ਲਈ ਜੈਸੇ ਉਚ ਜੀਵਨ ਵਾਲੇ ਵਿਦਵਾਨ ਤੁਹਾਨੂੰ ਲਭ ਗਏ ਹਨ, ਮੇਰਾ ਖਿਆਲ ਹੈ ਕਿ ਇਨ੍ਹਾਂ ਹਾਲਤਾਂ ਅੰਦਰ ਮੇਰੇ ਜੈਸਿਆਂ ਲਈ, ਜੋ ਅਖੰਡ ਕੀਰਤਨੀ ਜਥੇ ਨਾਲੋਂ ਕਦੀ ਭੀ ਪਰੇ ਨਹੀਂ ਹੋ ਸਕਦੇ, ਸਿੰਘ ਸਭਾ ਨਾਲ ਚੱਲਣਾ ਮੁਸ਼ਕਿਲ ਹੋ ਗਿਆ ਹੈ। ਵੈਸੇ ਤਾਂ ਸ਼ਹੀਦੀਆਂ ਤੋਂ ਬਾਅਦ ਮੈਂ ਸਿੰਘ ਸਭਾ ਨੂੰ ਕਦੀ ਸੇਵਾ ਲਈ ਟਾਈਮ ਨਹੀਂ ਦੇ ਸਕੀ, ਉਸ ਨਾਤੇ ਭੀ ਇਹੀ ਬਣਦਾ ਸੀ ਕਿ ਮੈਂ ਆਪਣੇ ਵਲੋਂ ਅਸਤੀਫ਼ਾ ਭੇਜ ਦਿਆਂ, ਪਰ ਰੁਝੇਵਿਆਂ ਨੇ ਇਹ ਮੌਕਾ ਨਾ ਸੀ ਆਉਣ ਦਿਤਾ।

ਮੈਂ ਆਪਣੇ ਆਪ ਨੂੰ ਸੇਵਾ ਦੇ ਕਾਬਿਲ ਨਾ ਸਮਝਦੀ ਹੋਈ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੋਂ ਇਹ ਤਿਆਗ-ਪੱਤਰ ਭੇਜ ਰਹੀ ਹਾਂ ਜੀ। ਆਪ ਬਜ਼ੁਰਗ ਹੋ,ਛੋਟੀ ਬੱਚੀ ਹੁੰਦਿਆਂ ਹੋਇਆਂ ਇਕ ਬੇਨਤੀ ਜ਼ਰੂਰ ਕਰਾਂਗੀ ਕਿ ਹਰ ਸੰਸਥਾ ਇਕ ਇਕ ਡੰਡੇ ਨਾਲ ਬਣੀ ਤਰੱਕੀ ਰੂਪੀ ਪੌੜੀ ਤੇ ਚੜ੍ਹਕੇ ਹੀ ਚਮਕਦੀ ਹੈ,ਕੋਈ ਭੀ ਡੰਡਾ ਭੰਨਣ ਤੋਂ ਪਹਿਲਾਂ ਇਤਨਾ ਜ਼ਰੂਰ ਖਿਆਲ ਕਰਨਾ ਚਾਹੀਦਾ ਹੈ ਕਿ ਜੇ ਇਸ ਇਕ ਡੰਡੇ ਬਗੈਰ ਚੜ੍ਹਨ ਵਿਚ ਰੁਕਾਵਟ



www.AKJ.Org

ਨਾ ਭੀ ਪਈ ਤਾਂ ਜੋ ਕੋਝਾਪਨ ਇਸ ਨੂੰ ਭੰਨਣ ਨਾਲ ਪੈ ਗਿਆ ਹੈ, ਉਹ ਕਦੀ ਨਹੀਂ ਮਿਟਣਾ। ਅੱਜ ਸਿੰਘ ਸਭਾ ਨੇ ਪੱਲਿਓਂ ਪੈਸੇ ਖਰਚ ਕੇ ਐਸੇ ਨਿਸ਼ਕਾਮ ਅਤੇ ਅਣਥੱਕ ਸੇਵਕ ਆਪਣੇ ਨਾਲੋਂ ਤੋੜ ਕੇ ਸੁੱਟੇ ਹਨ, ਇਸ ਦੇ ਪਿਛੇ ਜ਼ਰੂਰ ਕੋਈ ਵੱਡਾ ਰਾਜ਼ ਹੈ, ਜੋ ਮੇਰੀ ਤੁਛ ਬੁੱਧੀ ਸਮਝ ਨਹੀਂ ਸਕੀ। ਸਮਾਂ ਦਸੇਗਾ ਅਤੇ ਗੁਰੂ-ਰਖੇਗਾ।

ਨਕਲ
ਜਥੇਦਾਰ ਸਾਹਿਬ
ਅਖੰਡ ਕੀਰਤਨੀ ਜਥਾ
ਅੰਮ੍ਰਿਤਸਰ।

ਆਪ ਦੀ ਸ਼ੁਭ ਚਿੰਤਕ
ਹਰਸ਼ਰਨ ਕੌਰ
ਅਖੰਡ ਕੀਰਤਨੀ ਜਥਾ

## ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੀ ਪਤਰਕਾ

ਅੰਮ੍ਰਿਤਸਰ
੨੩-੭-੮੦

ਪਿਆਰੇ ਗਿਆਨੀ ਜੀਉ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਜੁਲਾਈ ਦਾ "ਸਿੰਘ ਸਭਾ ਪਤ੍ਰਿਕਾ" ਮੇਰੇ ਹੱਥ ਵਿਚ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਡਾ: ਜੀਤ ਸਿੰਘ ਸੀਤਲ ਕੋਲੋਂ "ਸਿਖ ਰਹਿਤ ਮਰਯਾਦਾ" ਦਾ ਲੇਖ ਲਿਖਵਾ ਕੇ ਛਾਪੇ ਜਾਣ ਤੇ ਮੈਨੂੰ ਹੈਰਾਨੀ ਵੀ ਹੋਈ ਹੈ ਤੇ ਹਾਸਾ ਵੀ ਆਇਆ ਹੈ। ਡਾਕਟਰ ਜੀਤ ਸਿੰਘ ਜੀ ਵਰਗੇ ਰਹਿਤ-ਰਹਿਣੀਏ ਸਿਖ ਲਿਖਾਰੀ ਕੋਲੋਂ ਪੰਜੇ-ਐਬ-ਸ਼ਰੱਈ ਵਾਲੀ ਕਿਸਮ ਦੀ ਰਹਿਤ ਦਾ ਪਰਚਾਰ ਕਰਵਾ ਕੇ ਸਿੰਘ ਸਭਾ ਨੇ ਉਹ ਕੁਝ ਕਰ ਦਿਖਾਇਆ ਹੈ ਜੋ ਸਿਖੀ ਦੇ ਵਿਰੋਧੀ ਬੜਾ ਤਾਣ ਲਾ ਕੇ ਅਜ ਤਕ ਨਹੀਂ ਕਰ ਸਕੇ।

ਭਾਵੇਂ ਮੈਂ ਬਾਕਾਇਦਾ ਤੌਰ ਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦਾ ਮੈਂਬਰ ਨਹੀਂ, ਪਰ ਸਿਖੀ ਪਰਚਾਰ ਦੀ ਲਗਨ ਹੋਣ ਕਾਰਨ ਅਜ ਤਕ ਵਾਹ ਲਗਦੀ ਸੰਸਥਾ ਨਾਲ ਧਰਮ ਦੇ ਕੰਮਾਂ ਵਿਚ ਨਿਮਾਣਾ ਜਿਹਾ ਸਹਿਯੋਗ ਪਾ ਕੇ ਆਪਣੇ ਧੰਨ ਭਾਗ ਸਮਝਦਾ ਰਿਹਾ ਹਾਂ।

ਵਿਚਾਰ-ਅਧੀਨ ਲੇਖ ਵਿੱਚ ਲਿਖਾਰੀ ਵਲੋਂ ਸਿੰਘ ਸਭਾ ਅਤੇ ਗੁਰਦਵਾਰਾ ਸੁਧਾਰ ਲਹਿਰ ਦੇ ਮੋਢੀ, ਗੁਰਮਤਿ ਰਹਿਤ ਰਹਿਣੀ ਦੇ ਸੂਰੇ, ਗੁਰੂ ਕੇ ਸਚਿਆਰ ਪੰਥਕ ਸੇਵਕ ਭਾ: ਸਾ: ਭਾ: ਰਣਧੀਰ ਸਿੰਘ ਜੀ ਵਿਰੁੱਧ ਕੋਝੀ ਸ਼ਬਦਾਵਲੀ ਵਰਤੀ ਗਈ ਹੈ ਅਤੇ ਪੰਥ ਦੀ ਨਿਸ਼ਕਾਮ ਸੰਸਥਾ 'ਅਖੰਡ ਕੀਰਤਨੀ ਜਥੇ' ਨੂੰ ਰਾਧਾ ਸੁਆਮੀਆਂ ਅਤੇ ਨਾਮਧਾਰੀਆਂ ਨਾਲ ਤੁਲਨਾ ਦੇ ਕੇ ਪੰਥ-ਧ੍ਰੋਹੀ ਹੋਣ ਦਾ ਫਤਵਾ ਦਿੱਤਾ ਗਿਆ ਹੈ।

ਅਖੰਡ ਕੀਰਤਨੀ ਜਥਾ ਗੁਰਮਤਿ ਰਹਿਤ ਦਾ ਧਾਰਨੀ ਹੈ ਅਤੇ ਗੁਰਮਤਿ ਰਹਿਤ ਦਾ ਪ੍ਰਚਾਰ ਨਿਸ਼ਕਾਮ ਭਾਵਨਾ ਨਾਲ ਕਰਦਾ ਆ ਰਿਹਾ ਹੈ। ਅਜ ਤਕ ਅਖੰਡ ਕੀਰਤਨੀ ਜਥਾ ਸਿੰਘ ਸਭਾ ਦੇ ਧਾਰਮਕ ਕਾਰਜਾਂ ਨੂੰ ਕਾਮਯਾਬ ਕਰਨ ਵਿੱਚ ਭਰਪੂਰ ਹਿਸਾ ਪਾਉਂਦਾ ਰਿਹਾ ਹੈ। ਸਿੰਘ ਸਭਾ ਦੇ ਪ੍ਰਬੰਧਕਾਂ ਨੇ ਜਥੇ ਨੂੰ ਪੰਥ-ਦੋਖੀਆਂ ਵਿੱਚ ਸ਼ਾਮਲ ਕਰ ਕੇ ਸਿਖੀ ਨਾਲ ਧੋਖਾ ਅਤੇ ਧੱਕਾ ਕੀਤਾ ਹੈ। ਮੈਨੂੰ ਇਸ ਜਥੇ ਦਾ ਅਦਨਾ ਸੇਵਾਦਾਰ ਹੋਣ ਦਾ ਫ਼ਖਰ ਹੈ।

ਮੈਨੂੰ ਇਹ ਅਨਭਵ ਹੋਇਆ ਹੈ ਕਿ ਸੰਸਥਾ ਦੇ ਪ੍ਰਬੰਧਕ ਗਲਤ ਨੀਂਹ ਤੇ ਟੁਰ ਪਏ ਹਨ—ਗੁਰੂ ਜਾਣੇ ਕਿਸ ਕਾਰਨ—ਇਸ ਲਈ ਇਸ ਸੰਸਥਾ ਨਾਲੋਂ ਆਪਣੇ ਸਹਿਯੋਗੀ ਸੰਬੰਧ ਸੰਕੋਚ ਲੈਣਾ ਹੀ ਉਚਿਤ ਸਮਝਦਾ ਹਾਂ।

ਆਪ ਜੀ ਦਾ ਹਿਤੂ
ਜੋਗਿੰਦਰ ਸਿੰਘ
ਤਲਵਾੜਾ

ਕਾਪੀ—
ਭਾ: ਸਾ: ਭਾ: ਰਾਮ ਸਿੰਘ ਜੀ,
ਜਥੇਦਾਰ, ਅਖੰਡ ਕੀਰਤਨੀ ਜਥਾ



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਹੇਠਾਂ ਦਰਜ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਗਈਆਂ ਐਫ ਡੀਆਂ ਦੇ ਨੰਬਰ ਇਸ ਪ੍ਰਕਾਰ ਹਨ :–

| | | | |
|---|---|---|---|
| 665. ਬੀਬੀ ਸੁਰਿੰਦਰ ਕੌਰ ਸਪੁਤਰੀ ਸ: ਪਿਆਰਾ ਸਿੰਘ ਪੁਰੀਆ | (ਚਿਟ ਨੰ: 3665) | 987636/647/80 | ਮਿਤੀ 23.7.80 |
| 666. ਡਾ: ਦੀਵਾਨ ਸਿੰਘ ਭੱਲਾ | ( ,, , 3666) | 987637/648/80 | ,, |
| 667. ਸ: ਅਤਰ ਸਿੰਘ ਗਾਰਡ | ( ,, ,, 3667) | 987638/649/80 | ,, |
| 668. ਗੁਰਦਵਾਰਾ ਦਸਮੇਸ਼ ਸਭਾ ਬੰਬਈ | ( ,, ,, 3668) | 987639/650/80 | ,, |
| 669. ਗਿਆਨੀ ਗੁਰਚਰਨ ਸਿੰਘ ਜਲੰਧਰ ਸ਼ਹਿਰ | ( ,, ,, 3669) | 987640/651/80 | ,, |
| 670. J.W.O. ਜੀਤ ਸਿੰਘ ਗਾਂਧੀ ਨਗਰ | ( ,, ,, 3670) | 987641/652/80 | ,, |
| 671. Hov. ਗੁਰਨਾਮ ਸਿੰਘ ਜੱਸੋਵਾਲ | ( ,, ,, 3671) | 987642/653/80 | ,, |
| 672. ਬੀਬੀ ਹਰਦਰਸ਼ਨ ਕੌਰ M.A.B.T. | ( ,, ,, 3672) | 987643/654/80 | ,, |
| 673. ਮਿਸਤਰੀ ਇੰਦਰ ਸਿੰਘ ਕਿਰਪਾਨਾਂ ਵਾਲੇ | ( ,, ,, 3673) | 987644/655/80 | ,, |
| 674. ਸ: ਮਨਜੀਤ ਸਿੰਘ ਨਵੀਂ ਦਿਲੀ | ( ,, ,, 3674) | 987645/656/80 | ,, |

## ਅਮਾਨਤੀ ਲਾਈਫ ਮੈਂਬਰ–ਪਰਦੇਸਾਂ ਲਈ ਰੇਟ

ਯੂ.ਕੇ ਆਦਿ 650/-    ਅਰਬ ਮਲਾਇਆ ਆਦਿ 500/-    ਕੈਨੇਡਾ ਅਮਰੀਕਾ 750/-

---

# 'ਸੂਰਾ' ਪਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਧਰਮਪਾਲ ਸਿੰਘ ਲੁਧਿਆਣਾ ਵਲੋਂ | | 10-00 |
| ਸ: ਬਿੱਕਰ ਸਿੰਘ ਕਲਕੱਤਾ ਵਲੋਂ | | 51-00 |
| ਸੁਪਤਨੀ ਸ: ਬਹਾਦਰ ਸਿੰਘ ਜੀ ਓਵਰਸੀਅਰ ਵਲੋਂ ਪਤੀ ਜੀ ਦੀ ਯਾਦ ਵਿਚ ਬਰਸੀ ਦੇ ਭੋਗ ਸਮੇਂ | | 139-46 |
| ਗਿ: ਗੋਪਾਲ ਸਿੰਘ ਮਿਤਰ, ਮਾਲਬ ਵਲੋਂ ਕਾਕਾ ਮਹਿੰਦਰ ਸਿੰਘ ਦੇ ਅਨੰਦ ਕਾਰਜ ਦੀ ਖਸ਼ੀ ਵਿਚ | | 11-00 |
| ਸ: ਗੋਪੀ ਸਿੰਘ ਵਲੋਂ ਕਾਕਾ ਇੰਦਰਜੀਤ ਸਿੰਘ ਤੇ ਕਾਕਾ ਸਤਵੰਤ ਸਿੰਘ ਫਰੀਦਾਬਾਦ ਦੇ ਅਨੰਦ ਦੀ ਖੁਸ਼ੀ ਵਿਚ | | 21-00 |
| ਭਾ: ਨਾਨਕ ਸਿੰਘ ਨੰਗਲ ਵਲੋਂ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਭਾ: ਕਰਤਾਰ ਸਿੰਘ ਮੁਕਤਸਰ ਵਲੋਂ | ... ... ... | 5-00 |
| ਸ: ਦਲਬੀਰ ਸਿੰਘ ਅੰਮ੍ਰਿਤਸਰ ਵਲੋਂ | ਚੜ੍ਹਾਵਾ ਸਮਾਗਮ ਅਖੰਡਪਾਠ | 33-09 |
| ਬੀਬੀ ਕੁਲਵੰਤ ਕੌਰ ਨਿਰਵਾਨਾ ਵਲੋਂ | ... ... ... | 21-00 |
| ਸ: ਮਸਤਾ ਸਿੰਘ ਡਰਬੀ ਯੂ. ਕੇ. ਵਲੋਂ | ... ... ... | 480-20 |
| ਮਿ: ਮਹਿੰਦਰ ਸਿੰਘ ਬਰਮਿੰਘਮ-ਯੂ. ਕੇ. ਵਲੋਂ | ... ... ... | 21-76 |
| ਸ: ਗੁਰਬਖਸ਼ ਸਿੰਘ ਸਿਵੀਆ ਵਲੋਂ | ... ... ... | 29-40 |
| ਸ: ਮੋਹਕਮ ਸਿੰਘ ਕੁਵੈਤ ਵਲੋਂ | ... ... ... | 165-00 |
| ਸ: ਪ੍ਰਭਜੋਤ ਸਿੰਘ ਅੰਮ੍ਰਿਤਸਰ ਵਲੋਂ | ... ... .. | 15-40 |
| J.W.O. ਅਵਤਾਰ ਸਿੰਘ ਵਲੋਂ | ... ... ... | 10-00 |
| ਸ: ਗੁਰਨਾਮ ਸਿੰਘ, ਬੀਬੀ ਸੀਤਲ ਕੌਰ ਤੇ ਬੱਚੀ ਸ਼ਰਨਜੀਤ ਕੌਰ ਰੈਡਿੰਗ ਯੂ. ਕੇ. ਵਲੋਂ | ... | 188-37 |
| ਬੀ: ਬਲਬੀਰ ਕੌਰ ਰੈਡਿੰਗ ਯੂ. ਕੇ. ਵਲੋਂ | ... ... ... | 62-79 |
| ਸ: ਹਰਭਜਨ ਸਿੰਘ ਖੰਨਾ ਵਲੋਂ | ਸ: ਹਰਬੰਸ ਸਿੰਘ ਦੀ ਯਾਦ ਵਿਚ ਭੋਗ ਸਮੇਂ | 21-00 |
| ਸ: ਚੰਨਣ ਸਿੰਘ ਜਮਸ਼ੇਦ ਪੁਰ ਵਲੋਂ ਭੁਜੰਗੀਆਂ ਦੇ ਅਨੰਦ ਦੀ ਖੁਸ਼ੀ ਵਿਚ | .. ... | 11-00 |
| ,, ,, ,, | ਕਾਕਾ ਪ੍ਰਦੁਮਨ ਸਿੰਘ ਦੀ ਦੇਹ ਅਰੋਗਤਾ ਲਈ | 11-00 |
| ਬੀ: ਹਰਭਜਨ ਕੌਰ ਕਾਨਪੁਰ ਵਲੋਂ | .... ... ... | 11-00 |
| ਸ: ਦਲਜੀਤ ਸਿੰਘ ਦਿਓਲ ਯੂ. ਐਸ. ਏ. ਵਲੋਂ | ... ... ... | 73-00 |

ਸਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਬਖਸ਼ਣ

---

**ਅੰਮ੍ਰਿਤਸਰ ਸ਼ਹੀਦਾਂ ਦੇ ਅਸਥਾਨ ਰੈਣ ਸਬਾਈ ੨੩ ਅਗਸਤ ਸ਼ਨੀਵਾਰ ਦੀ ਰਾਤ ਨੂੰ**

www.AKJ.org

# ਅੰਬਾਲਾ ਸ਼ਹਿਰ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਗੁਰਮਤਿ ਸਮਾਗਮ

## ਵੀਰਵਾਰ ਸਵੇਰੇ 14 ਤੋਂ 17 ਅਗਸਤ ਐਤਵਾਰ ਸਵੇਰ ਤਕ

ਪੰਥ ਰਤਨ ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਗੁਰਦਵਾਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਪੁਜ ਰਹੇ ਹਨ। ਆਇ ਦੀਦਾਰ ਬਖਸ਼ੋ ਜੀ ਤੇ ਹਰਿ ਜਸ ਦੇ ਲਾਹੇ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

| | |
|---|---|
| ੧੪ ਅਗਸਤ ਸਵੇਰੇ ੪॥ ਤੋਂ ੭॥ ਕੀਰਤਨ ਆਸਾ ਦੀ ਵਾਰ ਤੇ ਅਰੰਭ ਸ੍ਰੀ ਅਖੰਡ ਪਾਠ | ਗੁਰਦਵਾਰਾ ਮੰਜੀ ਸਾਹਿਬ ਪਾ: ੧੦ |
| ਸ਼ਾਮ ੭॥ ਤੋਂ ੯॥ ਚੌਕੀ ਸੋਦਰ ਤੇ ਕੀਰਤਨ | ਗੁਰਦਵਾਰਾ ਸੀਸ ਗੰਜ ਪਾ: ੯ ਅੰਬਾਲਾ ਸ਼ਹਿਰ |
| ੧੫ ਅਗਸਤ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਮੰਜੀ ਸਾਹਿਬ |
| ਸ਼ਾਮ ੭॥ ਤੋਂ ੯॥ ਚੌਕੀ ਸੋਦਰ ਤੇ ਕੀਰਤਨ | ਗੁ: ਗੋਬਿੰਦਪੁਰਾ ਪਾ: ੧੦ ਅੰਬਾਲਾ ਸ਼ਹਿਰ |
| ੧੬ ਅਗਸਤ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ | ਗੁਰਦਵਾਰਾ ਮੰਜੀ ਸਾਹਿਬ |
| ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਅਰੰਭ | ,, ,, ,, |
| ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ ੧੭ ਅਗਸਤ ਸਵੇਰੇ ੭ ਵਜੇ | ,, ,, ,, |

ਨੋਟ—੧. ਰਿਹਾਇਸ਼ ਗੁਰੂ ਹਰਿਗੋਬਿੰਦ ਸਾਹਿਬ ਹਾਈ ਸਕੂਲ ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਹੋਵੇਗੀ।

੨. ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ—
ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ

ਪੁਛ ਗਿਛ—2416. ਡੀ. ਸੀ. ਰੋਡ, ਅੰਬਾਲਾ ਸ਼ਹਿਰ
ਮੈਨੇਜਰ, ਗੁ: ਪ੍ਰ: ਕਮੇਟੀ, ਮੰਜੀ ਸਾਹਿਬ, ਅੰਬਾਲਾ ਸ਼ਹਿਰ ਫੋਨ 56195

---

# ਮੇਰਠ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

## ਸ਼ਨੀਵਾਰ ਸਵੇਰੇ 30 ਅਗਸਤ ਤੋਂ 1 ਸਤੰਬਰ ਸੋਮਵਾਰ ਸਵੇਰ ਤਕ

ਮੇਰਠ ਵਿਖੇ ਅਖੰਡ ਕੀਰਤਨ ਜਥਿਆਂ ਵਲੋਂ ਸਾਲਾਨਾ ਸਮਾਗਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ। ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

| | |
|---|---|
| ੩੦ ਅਗਸਤ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ |
| ਸ਼ਾਮ ੭ ਤੋਂ ੯॥ ਅਖੰਡ ਕੀਰਤਨ | ਗੁ: ਕਲਗੀਧਰ ਲਾਲ ਕੁੜਤੀ ਮੇਰਠ |
| ੩੧ ਅਗਸਤ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਸਤਿ ਸੰਗ ਸਦਰ ਬਜ਼ਾਰ ਮੇਰਠ |
| ਸ਼ਾਮ ੭॥ ਵਜੇ ਰੈਣ ਸਬਾਈ ਕੀਰਤਨ, ਸਮਾਪਤੀ ੧ ਸਤੰਬਰ ਸਵੇਰੇ ੬॥ ਵਜੇ | ਸ੍ਰੀ ਗੁਰੂ ਸਿੰਘ ਸਭਾ ਥਾਪਰਨਗਰ |

ਰਿਹਾਇਸ਼ ਦਾ ਪਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ ਵਿਖੇ ਹੋਵੇਗਾ।

ਪੁਛ ਗਿਛ—ਇਕਬਾਲ ਸਿੰਘ, ਗੁਜਰਾਤੀ ਏਜੰਸੀ, ਕੈਂਟ ਹਸਪਤਾਲ ਦੇ ਸਾਹਮਣੇ, ਮੇਰਠ। ਫੋਨ 77127—72970 ਘਰ

ਸੰਗਤਾਂ ਦੇ ਦਾਸਰੇ—ਅਖੰਡ ਕੀਰਤਨੀ ਜਥਾ, ਮੇਰਠ

---

'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

www.AKJ.Org